# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date-21.03.24

www.hsnnews.in | PUNPUN/2024/86289 | President:-Sam dhillion | Email:info@hsnnews.in

Vol.11 | March-2024 | Published in Canada | Pages 8


## ਲਿਬਰਲ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਉਣ ਦੀ ਤਿਆਰੀ ਕਰ ਰਹੇ ਹਨ ਕੰਜ਼ਰਵੇਟਿਵ

ਪਹਿਲੀ ਅਪਰੈਲ ਤੋਂ ਕਾਰਬਨ ਟੈਕਸਾਂ ਵਿੱਚ ਕੀਤੇ ਜਾ ਰਹੇ ਵਾਧੇ ਦੇ ਵਿਰੋਧ ਵਿੱਚ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਲਿਬਰਲ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਉਣ ਦੀ ਤਿਆਰੀ ਕਰ ਰਹੇ ਹਨ। ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਇਸ ਫੈਸਲੇ ਵਿੱਚ ਕੋਈ ਫੇਰਬਦਲ ਨਹੀਂ ਕਰਨਗੇ। ਕਲਾਈਮੇਟ ਐਕਸ਼ਨ ਗਰੁੱਪਜ਼ ਵੱਲੋਂ ਕੰਜ਼ਰਵੇਟਿਵਾਂ ਨੂੰ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਕਾਰਬਨ ਟੈਕਸ ਦਾ ਸਹਾਰਾ ਲੈ ਕੇ ਸਿਆਸੀ ਨੰਬਰ ਨਾ ਬਣਾਉਣ ਤੇ ਇਸ ਦੌਰਾਨ ਪ੍ਰਧਾਨ ਮੰਤਰੀ ਨੇ ਬੁੱਧਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਪੌਲੀਏਵਰ ਵੱਲੋਂ ਦਿੱਤੀ ਇਸ ਚੁਣੌਤੀ ਨੂੰ ਸਵੀਕਾਰ ਕਰ ਲਿਆ। ਇਸ ਉੱਤੇ ਟਿੱਪਣੀ ਕਰਦਿਆਂ ਟਰੂਡੋ ਨੇ ਆਖਿਆ ਕਿ ਪ੍ਰਦੂਸ਼ਣ ਦੇ ਨਾਂ ਉੱਤੇ ਚੋਣਾਂ? ਅਸੀਂ ਪਹਿਲਾਂ ਵੀ ਤਿੰਨ ਵਾਰੀ ਚੋਣ ਲੜ ਕੇ ਜਿੱਤ ਚੁੱਕੇ ਹਾਂ।

ਇਸ ਉੱਤੇ ਪੌਲੀਏਵਰ ਨੇ ਆਖਿਆ ਕਿ ਫਿਰ ਚੌਥੀ ਵਾਰੀ ਚੋਣ ਲੜਨ ਵਿੱਚ ਕੋਈ ਦਿੱਕਤ ਲਿਬਰਲਾਂ ਨੂੰ ਨਹੀਂ ਆਉਣੀ ਚਾਹੀਦੀ। ਬੁੱਧਵਾਰ ਸਵੇਰੇ ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੌਲੀਏਵਰ ਨੇ ਆਖਿਆ ਕਿ ਉਹ ਟਰੂਡੋ ਨੂੰ ਫੂਡ, ਗੈਸ ਤੇ ਹੀਟ ਉੱਤੇ ਲਾਏ ਜਾਣ ਵਾਲੇ ਟੈਕਸ ਵਿੱਚ ਵਾਧਾ ਕਰਨ ਤੋਂ ਰੋਕਣ ਲਈ ਆਖਰੀ ਮੌਕਾ ਤੇ ਇੱਕ ਦਿਨ ਹੋਰ ਦੇ ਰਹੇ ਹਨ। ਇਸ ਤੋਂ ਬਾਅਦ ਜੇ ਉਨ੍ਹਾਂ ਵੱਲੋਂ ਟੈਕਸ ਵਿੱਚ ਵਾਧੇ ਉੱਤੇ ਰੋਕ ਨਾ ਲਾਈ ਗਈ ਤਾਂ ਉਹ ਪ੍ਰਧਾਨ ਮੰਤਰੀ ਖਿਲਾਫ ਬੇਭਰੋਸਗੀ ਮਤਾ ਪੇਸ਼ ਕਰਨਗੇ।ਕੰਜ਼ਰਵੇਟਿਵਾਂ ਵੱਲੋਂ ਪੇਸ਼ ਇਸ ਪ੍ਰਸਤਾਵ ਨੂੰ ਟੀਮ ਟਰੂਡੋ, ਬਲਾਕ, ਐਨਡੀਪੀ ਤੇ ਗ੍ਰੀਨ ਪਾਰਟੀ ਵੱਲੋਂ ਰੱਦ ਕਰ ਦਿੱਤਾ ਗਿਆ। ਹੁਣ ਵੀਰਵਾਰ ਨੂੰ ਇਸ ਮੁੱਦੇ ਉੱਤੇ ਭਖਵੀਂ ਬਹਿਸ ਹੋਣ ਦੀ ਸੰਭਾਵਨਾ ਹੈ।




## ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ ਹਾਊਸਫਾਦਰ!

ਐਨਡੀਪੀ ਵੱਲੋਂ ਫਲਸਤੀਨ ਨੂੰ ਵੱਖਰੇ ਦੇਸ਼ ਵਜੋਂ ਮਾਨਤਾ ਦੇਣ ਲਈ ਲਿਆਂਦੇ ਮਤੇ ਦੇ ਪਾਸ ਹੋਣ ਮਗਰੋਂ ਲਿਬਰਲ ਐਮਪੀ ਐਂਥਨੀ ਹਾਊਸਫਾਦਰ ਨੇ ਖਫਾ ਹੁੰਦਿਆਂ ਆਖਿਆ ਕਿ ਉਹ ਲਿਬਰਲ ਕਾਕਸ ਵਿੱਚ ਆਪਣੀ ਥਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ।ਇੱਕ ਇੰਟਰਵਿਊ ਵਿੱਚ ਹਾਊਸਫਾਦਰ ਨੇ ਆਖਿਆ ਕਿ ਉਹ ਪਤਾ ਲਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਥਾਂ ਕਿੱਥੇ ਹੈ। ਹਾਊਸਫਾਦਰ ਨੇ ਆਖਿਆ ਕਿ ਉਨ੍ਹਾਂ ਅਜੇ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ ਹੋਣ ਲਈ ਸਿੱਧੇ ਤੌਰ ਉੱਤੇ ਕਿਸੇ ਨਾਲ ਗੱਲ ਨਹੀਂ ਕੀਤੀ ਪਰ ਉਨ੍ਹਾਂ ਦੇ ਕਈ ਕੰਜ਼ਰਵੇਟਿਵ ਦੋਸਤ ਤੇ ਕੁਲੀਗਜ਼ ਹਨ।ਸੋਮਵਾਰ ਰਾਤ ਨੂੰ ਐਨਡੀਪੀ ਵੱਲੋਂ ਲਿਆਂਦੇ ਤੇ ਲਿਬਰਲਾਂ ਵੱਲੋਂ ਸੋਧੇ ਗਏ ਮਤੇ ਖਿਲਾਫ ਵੋਟ ਪਾਉਣ ਵਾਲੇ ਤਿੰਨ ਲਿਬਰਲ ਐਮਪੀਜ਼ ਵਿੱਚੋਂ ਇੱਕ ਹਾਊਸਫਾਦਰ ਵੀ ਸਨ।

ਫੈਡਰਲ ਏਜੰਸੀ ਦਾ ਕਹਿਣਾ ਹੈ ਕਿ ਵਾਇਰਲੈੱਸ ਸਰਵਿਸਿਜ਼ 26·5 ਫੀ ਸਦੀ ਨਾਲ ਹੇਠਾਂ ਚੱਲ ਰਹੀਆਂ ਹਨ ਤੇ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਨਾਲੋਂ ਇੰਟਰਨੈੱਟ ਕੀਮਤਾਂ 13·2 ਫੀ ਸਦੀ ਡਿੱਗ ਗਈਆਂ ਹਨ। ਇੱਕ ਸਾਲ ਪਹਿਲਾਂ ਨਾਲੋਂ ਫਰਵਰੀ ਵਿੱਚ ਸਟੋਰ ਤੋਂ ਖਰੀਦੇ ਜਾਣ ਵਾਲੇ ਫੂਡ ਦੀਆਂ ਕੀਮਤਾਂ 2·4 ਫੀ ਸਦੀ ਦੇ ਹਿਸਾਬ ਨਾਲ ਹੌਲੀ ਹੌਲੀ ਵਧੀਆਂ। ਇਸ ਦੌਰਾਨ ਮਹਿੰਗਾਈ ਉੱਤੇ ਹਾਊਸਿੰਗ ਦੀਆਂ ਕੀਮਤਾਂ ਕਾਰਨ ਦਬਾਅ ਵਧਿਆ ਹੋਇਆ ਹੈ। ਮਾਰਗੇਜ ਇੰਟਰਸਟ 26·3 ਫੀ ਸਦੀ ਉੱਤੇ ਪੈ ਰਿਹਾ ਹੈ ਜਦਕਿ ਕਿਰਾਇਆ ਸਾਲਾਨਾ 8·2 ਫੀ ਸਦੀ ਪੈ ਰਿਹਾ ਹੈ।




## ਵੱਖ ਵੱਖ ਥਾਂਵਾਂ ਉੱਤੇ ਮਾਰੇ ਗਏ ਛਾਪੇ ਦੌਰਾਨ 4 ਵਿਅਕਤੀਆਂ ਨੂੰ ਕੀਤਾ ਗਿਆ ਚਾਰਜ, ਨਸ਼ੇ ਤੇ ਹਥਿਆਰ ਬਰਾਮਦ



ਯੌਰਕ ਰੀਜਨ ਵਿੱਚ ਪੁਲਿਸ ਵੱਲੋਂ ਚਾਰ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਉਨ੍ਹਾਂ ਕੋਲੋਂ ਕਥਿਤ ਤੌਰ ਉੱਤੇ 40 ਕਿੱਲੋਗ੍ਰਾਮ ਦੇ ਗੈਰਕਾਨੂੰਨੀ ਨਸ਼ੇ ਤੇ ਹਥਿਆਰਾਂ ਦੇ ਨਾਲ ਨਾਲ ਹੋਰ ਗੋਲੀ ਸਿੱਕਾ ਵੀ ਬਰਾਮਦ ਕੀਤਾ ਗਿਆ ਹੈ। ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕਈ ਥਾਂਵਾਂ ਉੱਤੇ ਰੇਡ ਕਰਕੇ ਇਨ੍ਹਾਂ ਵਿਅਕਤੀਆਂ ਕੋਲੋਂ ਇਹ ਸਾਰਾ ਸਮਾਨ ਬਰਾਮਦ ਕੀਤਾ ਗਿਆ। ਯੌਰਕ ਰੀਜਨਲ ਪੁਲਿਸ ਦੀ ਅਗਵਾਈ ਵਾਲੀ ਗੰਨਜ਼, ਗੈਂਗਜ਼ ਤੇ ਡਰੱਗ ਐਨਫੋਰਸਮੈਂਟ ਯੂਨਿਟ ਵੱਲੋਂ ਸ਼ੱਕੀ ਡਰੱਗ ਸਮਗਲਰਜ਼ ਦੇ ਸੰਗਠਿਤ ਗਰੁੱਪ ਨੂੰ ਕਾਬੂ ਕੀਤਾ ਗਿਆ ਹੈ।ਟੋਰਾਂਟੋ, ਯੌਰਕ ਤੇ ਦਰਹਾਮ ਰੀਜਨਜ਼ ਦੇ ਪੰਜ ਘਰਾਂ ਦੀ ਤਲਾਸ਼ੀ ਲਏ ਜਾਣ ਤੋਂ ਬਾਅਦ ਪੁਲਿਸ ਵੱਲੋਂ ਟੋਰਾਂਟੋ ਦੇ 22 ਸਾਲਾ ਜੈਕ ਹੋਲਮਨ, 27 ਸਾਲਾ ਅਲੈਗਜ਼ੈਂਡਰ ਖੱਟੜਾ, ਵ੍ਹਿਟਬੀ ਦੇ 28 ਸਾਲਾ ਰਾਗਵਨ ਰਵੀਨਥਿਰਨ ਤੇ ਰਿਚਮੰਡ ਹਿੱਲ ਦੇ 18 ਸਾਲਾ ਨੋਆਹ ਬਜ਼ੋ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ।

# ਲੋਕ ਸਭਾ ਚੋਣਾਂ ਕਾਰਨ ਕਈ ਇਮਤਿਹਾਨਾਂ ਦੀਆਂ ਤਾਰੀਖ਼ਾਂ ਬਦਲੀਆਂ, ਵਿਦਿਆਰਥੀ ਪਰੇਸ਼ਾਨ

ਚੋਣ ਕਮਿਸ਼ਨ ਵਲੋਂ ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (UPSC) ਨੇ ਸਭ ਤੋਂ ਪਹਿਲਾਂ ਸਿਵਲ ਸੇਵਾਵਾਂ ਦੀ ਮੁਢਲੀ ਪ੍ਰੀਖਿਆ ਨੂੰ ਮੁਲਤਵੀ ਕਰ ਦਿੱਤਾ ਸੀ। ਇਸ ਤੋਂ ਬਾਅਦ CA ਇੰਟਰਮੀਡੀਏਟ ਅਤੇ ਫਾਈਨਲ ਪ੍ਰੀਖਿਆ ਅਤੇ ਮੱਧ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ (MPPSC) ਦੀ ਸੂਬਾ ਸੇਵਾ ਮੁਢਲੀ ਪ੍ਰੀਖਿਆ ਅਤੇ ਸੂਬਾ ਵਣ ਸੇਵਾ ਪ੍ਰੀਖਿਆ ਦੀਆਂ ਤਾਰੀਖ਼ਾਂ ਵਿਚ ਬਦਲਾਅ ਕੀਤੇ ਗਏ ਹਨ। NEET ਗ੍ਰੈਜੂਏਸ਼ਨ ਦੀ ਤਾਰੀਖ਼ ਵਿਚ ਬਦਲਾਅ ਕੀਤਾ ਗਿਆ ਹੈ। NEET PG ਪ੍ਰੀਖਿਆ 7 ਜੁਲਾਈ ਤੋਂ ਬਦਲ ਕੇ 23 ਜੂਨ ਕਰ ਦਿੱਤੀ ਹੈ, ਨਤੀਜੇ 15 ਜੁਲਾਈ ਨੂੰ ਐਲਾਨ ਕੀਤੇ ਜਾਣਗੇ। ਇਮਤਿਹਾਨ ਦੇ ਸ਼ੈਡਿਊਲ 'ਚ ਬਦਲਾਅ ਕਾਰਨ ਉਮੀਦਵਾਰ ਅਤੇ ਮਾਪੇ ਪਰੇਸ਼ਾਨ ਹਨ। ਲੋਕ ਸਭਾ ਚੋਣਾਂ 19 ਅਪ੍ਰੈਲ ਤੋਂ ਸ਼ੁਰੂ ਹੋ ਕੇ 1 ਜੂਨ ਤੱਕ ਚੱਲਣਗੀਆਂ। ਚੋਣ ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ।



ਉਮੀਦਵਾਰਾਂ ਦਾ ਕਹਿਣਾ ਹੈ ਕਿ UPSC ਸਮੇਤ ਰਾਸ਼ਟਰੀ ਪੱਧਰ ਦੀਆਂ ਪ੍ਰੀਖਿਆਵਾਂ ਦਾ ਸਮਾਂ ਬਹੁਤ ਪਹਿਲਾਂ ਜਾਰੀ ਕੀਤਾ ਜਾਂਦਾ ਹੈ। ਅਜਿਹੇ ਵਿਚ ਇਮਤਿਹਾਨਾਂ ਦੀਆਂ ਤਰੀਕਾਂ ਅਤੇ ਵੋਟਾਂ ਦੀਆਂ ਤਰੀਕਾਂ ਦਾ ਆਪਸੀ ਟਕਰਾਅ ਇਹ ਦਰਸਾਉਂਦਾ ਹੈ ਕਿ ਚੋਣ ਪ੍ਰੋਗਰਾਮ ਬਣਾਉਂਦੇ ਸਮੇਂ ਪ੍ਰੀਖਿਆਵਾਂ ਦੀਆਂ ਤਰੀਕਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ। ਇਕ ਉਮੀਦਵਾਰ ਰਿਸ਼ੀ ਨੇ ਦੱਸਿਆ ਕਿ ਉਹ ਸਿਵਲ ਸੇਵਾਵਾਂ ਦੀ ਮੁੱਢਲੀ ਪ੍ਰੀਖਿਆ ਦੀ ਤਿਆਰੀ ਕਰ ਰਿਹਾ ਹੈ। ਹੁਣ ਇਮਤਿਹਾਨ ਦੀ ਤਾਰੀਖ ਬਦਲ ਦਿੱਤੀ ਗਈ ਹੈ, ਇਸ ਨਾਲ ਸਾਡੀ ਤਿਆਰੀ ਵਿਚ ਰੁਕਾਵਟ ਆ ਰਹੀ ਹੈ। UPSC ਨੇ ਮੰਗਲਵਾਰ ਨੂੰ ਕਿਹਾ ਸੀ ਕਿ ਆਮ ਚੋਣਾਂ ਦੇ ਪ੍ਰੋਗਰਾਮ ਦੇ ਮੱਦੇਨਜ਼ਰ ਕਮਿਸ਼ਨ ਨੇ ਸਿਵਲ ਸੇਵਾਵਾਂ ਪ੍ਰੀਖਿਆ-2024 ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ ਹੈ, ਜੋ 26 ਮਈ ਦੀ ਬਜਾਏ 16 ਜੂਨ ਨੂੰ ਹੋਵੇਗੀ। ਇਹ ਪ੍ਰੀਖਿਆ ਭਾਰਤੀ ਜੰਗਲਾਤ ਸੇਵਾ ਪ੍ਰੀਖਿਆ, 2024 ਲਈ 'ਸਕ੍ਰੀਨਿੰਗ ਟੈਸਟ' ਵਜੋਂ ਵੀ ਕੰਮ ਕਰਦੀ ਹੈ। ਇੰਡੀਅਨ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ICAI) ਨੇ CA ਇੰਟਰਮੀਡੀਏਟ ਅਤੇ ਫਾਈਨਲ ਪ੍ਰੀਖਿਆਵਾਂ ਦੀਆਂ ਤਰੀਕਾਂ ਨੂੰ ਸੋਧਿਆ ਹੈ। MPPSC ਨੇ ਰਾਜ ਸੇਵਾ ਮੁਢਲੀ ਪ੍ਰੀਖਿਆ 2024 ਅਤੇ ਰਾਜ ਜੰਗਲਾਤ ਸੇਵਾ ਪ੍ਰੀਖਿਆ 2024 ਨੂੰ ਵਧਾ ਦਿੱਤਾ ਹੈ। ਹੁਣ ਇਹ ਪ੍ਰੀਖਿਆਵਾਂ 28 ਅਪ੍ਰੈਲ ਦੀ ਬਜਾਏ 23 ਜੂਨ ਨੂੰ ਹੋਣਗੀਆਂ।

# ਦਿੱਲੀ 'ਚ ਦੋ ਮੰਜ਼ਿਲਾ ਇਮਾਰਤ ਹੋਈ ਢਹਿ-ਢੇਰੀ, ਮਲਬੇ ਹੇਠਾਂ ਦੱਬਣ ਨਾਲ 2 ਕਾਮਿਆਂ ਦੀ ਮੌਤ

ਦਿੱਲੀ ਵਿਚ ਇਕ ਵੱਡਾ ਹਾਦਸਾ ਵਾਪਰ ਗਿਆ। ਉੱਤਰੀ-ਪੂਰਬੀ ਦਿੱਲੀ ਦੇ ਵੈਲਕਮ ਖੇਤਰ ਵਿਚ ਇਕ ਇਮਾਰਤ ਡਿੱਗਣ ਨਾਲ ਇਕ ਜੀਨਸ ਫੈਕਟਰੀ ਦੇ ਦੋ ਕਾਮਿਆਂ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖਮੀ ਹੋ ਗਿਆ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਜੀਨਸ ਫੈਕਟਰੀ ਦੇ ਤਿੰਨੋਂ ਕਾਮੇ ਦੋ ਮੰਜ਼ਿਲਾ ਇਮਾਰਤ ਦੀ ਹੇਠਲੀ ਮੰਜ਼ਿਲ 'ਤੇ ਕੰਮ ਕਰ ਰਹੇ ਸਨ। ਪੁਲਸ ਦੇ ਡਿਪਟੀ ਕਮਿਸ਼ਨਰ (ਉੱਤਰ-ਪੂਰਬ) ਜੋਏ ਟਿਰਕੀ ਨੇ ਕਿਹਾ ਕਿ ਦੋ ਮੰਜ਼ਿਲਾ ਇਮਾਰਤ ਦੇ ਡਿੱਗਣ ਦੀ ਸੂਚਨਾ ਦੇਰ ਰਾਤ 2.16 ਵਜੇ ਮਿਲੀ। ਇਹ ਇਕ ਪੁਰਾਣੀ ਇਮਾਰਤ ਸੀ।ਡਿਪਟੀ ਕਮਿਸ਼ਨਰ ਮੁਤਾਬਕ ਇਸ ਇਮਾਰਤ ਦੀ ਪਹਿਲੀ ਮੰਜ਼ਿਲ ਖਾਲੀ ਪਈ ਸੀ ਅਤੇ ਹੇਠਲੀ ਮੰਜ਼ਿਲ 'ਤੇ ਜੀਨਸ ਦੇ ਕੱਪੜੇ ਕੱਟਣ ਦਾ ਕੰਮ ਚੱਲ ਰਿਹਾ ਹੈ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਮਲਬੇ ਹੇਠ ਦੱਬੇ ਤਿੰਨ ਕਾਮਿਆਂ ਨੂੰ ਬਾਹਰ ਕੱਢਿਆ ਗਿਆ ਅਤੇ ਜੀ. ਟੀ. ਬੀ. ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ 'ਚੋਂ ਦੋ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਅਰਸ਼ਦ (30) ਅਤੇ ਤੌਹੀਦ (20) ਵਜੋਂ ਹੋਈ ਹੈ। ਜ਼ਖ਼ਮੀ ਰੇਹਾਨ (22) ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਇਮਾਰਤ ਦੇ ਮਾਲਕ ਦੀ ਪਛਾਣ ਸ਼ਾਹਿਦ ਵਜੋਂ ਹੋਈ ਹੈ। ਪੁਲਸ ਨੇ ਕਿਹਾ ਕਿ ਇਸ ਮਾਮਲੇ 'ਚ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।





# ਭਾਰਤ ਲਈ ਖ਼ਤਰੇ ਦੀ ਘੰਟੀ! 2030 ਤੱਕ ਸੋਲਰ ਵੇਸਟ 600 ਕਿਲੋਟਨ ਤੱਕ ਪਹੁੰਚਣ ਦੀ ਸੰਭਾਵਨਾ

ਭਾਰਤ ਦਾ ਸੋਲਰ ਵੇਸਟ 2030 ਤੱਕ 600 ਕਿਲੋਟਨ ਤੱਕ ਪਹੁੰਚ ਸਕਦਾ ਹੈ। ਬੁੱਧਵਾਰ ਨੂੰ ਜਾਰੀ ਇਕ ਖੋਜ ਰਿਪੋਰਟ ਦੇ ਅਨੁਸਾਰ, ਇਹ 720 ਓਲੰਪਿਕ ਆਕਾਰ ਦੇ ਸਵਿਮਿੰਗ ਪੂਲ ਨੂੰ ਭਰਨ ਦੇ ਬਰਾਬਰ ਹੈ। ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਅਤੇ ਊਰਜਾ, ਵਾਤਾਵਰਣ ਅਤੇ ਪਾਣੀ ਬਾਰੇ ਸੁਤੰਤਰ ਖੋਜ ਸੰਸਥਾਨ ਕੌਂਸਲ (ਸੀਈਈਡਬਲਯੂ) ਦੁਆਰਾ ਕਰਵਾਏ ਗਏ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇਸ ਕੂੜੇ ਦਾ ਲਗਭਗ 67 ਪ੍ਰਤੀਸ਼ਤ ਪੰਜ ਰਾਜਾਂ ਰਾਜਸਥਾਨ, ਗੁਜਰਾਤ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਤੋਂ ਆਵੇਗਾ। "ਭਾਰਤ ਦੇ ਸੂਰਜੀ ਉਦਯੋਗ ਵਿੱਚ ਸਰਕੂਲਰ ਆਰਥਿਕਤਾ ਨੂੰ ਸਮਰੱਥ ਬਣਾਉਣਾ: ਸੋਲਰ ਵੇਸਟ ਦੀ ਮਾਤਰਾ ਦਾ ਅਨੁਮਾਨ" ਸਿਰਲੇਖ ਵਾਲੇ ਅਧਿਐਨ ਵਿੱਚ ਕਿਹਾ ਗਿਆ ਹੈ ਕਿ ਮੌਜੂਦਾ (ਪਿਛਲੇ ਵਿੱਤੀ ਸਾਲ ਦੇ ਅਨੁਸਾਰ) ਭਾਰਤ ਵਿੱਚ 66.7 ਗੀਗਾਵਾਟ ਦੀ ਸਥਾਪਿਤ ਸਮਰੱਥਾ ਪਹਿਲਾਂ ਹੀ 100 ਕਿਲੋਟਨ ਕੂੜਾ ਪੈਦਾ ਕਰ ਰਹੀ ਹੈ ਜੋ 340 ਕਿਲੋਟਨ ਵਧ ਕੇ 340 ਕਿਲੋਟਨ ਹੋ ਜਾਵੇਗੀ। ਇਸ ਵਿੱਚ ਲਗਭਗ 10 ਕਿਲੋਟਨ ਸਿਲੀਕਾਨ, 12 ਤੋਂ 18 ਟਨ ਚਾਂਦੀ ਅਤੇ 16 ਟਨ ਕੈਡਮੀਅਮ ਅਤੇ ਟੇਲੂਰੀਅਮ ਹੋਵੇਗਾ। ਇਹਨਾਂ ਸਮੱਗਰੀਆਂ ਨੂੰ ਮੁੜ ਪ੍ਰਾਪਤ ਕਰਨ ਲਈ ਸੋਲਰ ਵੇਸਟ ਨੂੰ ਰੀਸਾਈਕਲ ਕਰਨ ਨਾਲ ਆਯਾਤ ਨਿਰਭਰਤਾ ਘਟੇਗੀ ਅਤੇ ਭਾਰਤ ਦੀ ਖਣਿਜ ਸੁਰੱਖਿਆ ਵਿੱਚ ਵਾਧਾ ਹੋਵੇਗਾ। ਖੋਜ ਵਿੱਚ ਪਾਇਆ ਗਿਆ ਕਿ ਬਾਕੀ ਬਚਿਆ 260 ਕਿਲੋਟਨ ਕੂੜਾ 2024 ਅਤੇ 2030 ਦੇ ਵਿਚਕਾਰ ਸਥਾਪਤ ਕੀਤੀ ਜਾਣ ਵਾਲੀ ਨਵੀਂ ਸਮਰੱਥਾ ਤੋਂ ਪੈਦਾ ਹੋਵੇਗਾ।



ਅਧਿਐਨ ਵਿੱਚ ਕਿਹਾ ਗਿਆ ਹੈ ਕਿ 2050 ਤੱਕ ਸੋਲਰ ਵੇਸਟ 19,000 ਕਿਲੋਟਨ ਤੱਕ ਵਧ ਜਾਵੇਗਾ, ਜਿਸ ਵਿੱਚੋਂ 77 ਫੀਸਦੀ ਨਵੀਂ ਸਮਰੱਥਾ ਤੋਂ ਪੈਦਾ ਹੋਵੇਗਾ। CEEW ਨੇ ਕਿਹਾ ਕਿ ਇਹ ਭਾਰਤ ਲਈ ਸੂਰਜੀ ਉਦਯੋਗ ਲਈ ਸਰਕੂਲਰ ਅਰਥਚਾਰੇ ਲਈ ਇੱਕ ਮੋਹਰੀ ਹੱਬ ਵਜੋਂ ਉਭਰਨ ਅਤੇ ਇੱਕ ਲਚਕੀਲੇ ਸੂਰਜੀ ਸਪਲਾਈ ਲੜੀ ਨੂੰ ਯਕੀਨੀ ਬਣਾਉਣ ਦਾ ਇੱਕ ਮੌਕਾ ਹੈ। ਭਾਰਤ ਨੇ 2030 ਤੱਕ ਲਗਭਗ 292 ਗੀਗਾਵਾਟ ਸੂਰਜੀ ਸਮਰੱਥਾ ਨੂੰ ਪ੍ਰਾਪਤ ਕਰਨ ਦੀ ਯੋਜਨਾ ਬਣਾਈ ਹੈ, ਜਿਸ ਨਾਲ ਸੋਲਰ ਪੀਵੀ ਵੇਸਟ ਪ੍ਰਬੰਧਨ ਨੂੰ ਵਾਤਾਵਰਣ, ਆਰਥਿਕ ਅਤੇ ਸਮਾਜਿਕ ਕਾਰਨਾਂ ਲਈ ਮਹੱਤਵਪੂਰਨ ਬਣਾਇਆ ਜਾਵੇਗਾ।

# ਪੰਜਾਬ ਦੇ ਸਕੂਲਾਂ 'ਚ ਨਵੇਂ ਸੈਸ਼ਨ ਦੀ ਤਿਆਰੀ, 1 ਅਪ੍ਰੈਲ ਤੋਂ ਬਦਲੇਗਾ ਸਕੂਲਾਂ ਦਾ ਸਮਾਂ



ਪੰਜਾਬ ਦੇ ਸਕੂਲਾਂ ਵਿੱਚ ਅਪ੍ਰੈਲ ਤੋਂ ਸ਼ੁਰੂ ਹੋ ਰਹੇ ਨਵੇਂ ਸੈਸ਼ਨ ਲਈ ਸਿੱਖਿਆ ਵਿਭਾਗ ਨੇ ਵੱਲੋਂ ਇਸ ਵਾਰ ਵੱਡੇ ਪੱਧਰ 'ਤੇ ਤਿਆਰੀ ਕੀਤੀ ਗਈ ਹੈ। ਸਕੂਲ ਵਿੱਚ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ ਇਸਦੇ ਲਈ ਸਾਰੇ ਸਕੂਲਾਂ ਵਿੱਚ ਕਿਤਾਬਾਂ ਪਹੁੰਚਾਉਣ ਦਾ ਕੰਮ ਆਖਰੀ ਪੜਾਅ 'ਤੇ ਪਹੁੰਚ ਗਿਆ ਹੈ । ਉੱਥੇ ਹੀ 28 ਮਾਰਚ ਨੂੰ ਸੂਬੇ ਦੇ 19 ਹਜ਼ਾਰ ਸਕੂਲਾਂ ਵਿੱਚ ਮੈਗਾ PTM ਹੋਵੇਗੀ, ਜਦਕਿ ਸੂਬੇ ਵਿੱਚ 1 ਅਪ੍ਰੈਲ ਤੋਂ ਸਕੂਲਾਂ ਦਾ ਸਮਾਂ ਬਦਲ ਜਾਵੇਗਾ। ਸਿੱਖਿਆ ਵਿਭਾਗ ਅਨੁਸਾਰ ਸੂਬੇ ਦੇ ਸਾਰੇ ਸਕੂਲਾਂ ਵਿੱਚ 26 ਫਰਵਰੀ ਤੋਂ ਲੈ ਕੇ 15 ਮਾਰਚ ਤੱਕ ਹੋਣ ਵਾਲੀਆਂ ਗੈਰ-ਬੋਰਡ ਜਮਾਤਾਂ ਦੀਆਂ ਪ੍ਰੀਖਿਆਵਾਂ ਮੁਕੰਮਲ ਹੋ ਚੁੱਕੀਆਂ ਹਨ। ਦੱਸ ਦੇਈਏ ਕਿ ਸਿੱਖਿਆ ਵਿਭਾਗ ਵੱਲੋਂ ਸਾਰੇ ਸਕੂਲਾਂ ਨੂੰ 20 ਮਾਰਚ ਤੱਕ ਨਤੀਜੇ ਤਿਆਰ ਕਰਨ ਲਈ ਕਿਹਾ ਗਿਆ ਹੈ । ਇਸ ਦੇ ਨਾਲ ਹੀ ਹੁਣ 28 ਮਾਰਚ ਨੂੰ ਮੈਗਾ PTM ਰੱਖੀ ਗਈ ਹੈ। PTM ਦਾ ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ । ਮਾਪੇ ਆਪਣੇ ਬੱਚਿਆਂ ਦੇ ਨਾਲ ਸਕੂਲਾਂ ਦੇ ਵਿੱਚ ਮੌਜੂਦ ਹੋਣਗੇ। ਇਸਦੇ ਇਲਾਵਾ ਸਾਰੇ ਜ਼ਿਲ੍ਹਿਆਂ ਵਿੱਚ ਨੋਡਲ ਅਫ਼ਸਰ ਵੀ ਨਿਯੁਕਤ ਕੀਤੇ ਗਏ ਹਨ।


# ਨਗਾੜਿਆਂ ਤੇ ਜੈਕਾਰਿਆਂ ਦੀ ਗੂੰਜ ਨਾਲ ਹੋਲਾ-ਮਹੱਲਾ ਆਰੰਭ, ਖ਼ਾਲਸੇ ਦੀ ਜਨਮ ਭੂਮੀ ਤੇ ਲੱਗੀਆਂ ਰੌਣਕਾਂ

ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਕੌਮੀ ਤਿਉਹਾਰ ਹੋਲਾ-ਮਹੱਲਾ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਅਤੇ ਗੁਰੂ ਚਰਨ ਛੋਹ ਪ੍ਰਾਪਤ ਧਰਤੀ ਕੀਰਤਪੁਰ ਸਾਹਿਬ ਵਿਖੇ ਛੇ ਰੋਜ਼ਾ ਜੋੜ ਮੇਲੇ ਦੇ ਰੂਪ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਦੀ ਆਰੰਭਤਾ ਅੱਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਨਗਾੜਿਆਂ ਤੇ ਜੈਕਾਰਿਆਂ ਦੀ ਗੂੰਜ ਨਾਲ ਹੋ ਗਈ ਹੈ। ਇਸ ਮੌਕੇ ਸੰਗਤ ਦਾ ਠਾਠਾਂ ਮਾਰਦਾ ਇਕੱਠ ਗੁਰੂ ਸਾਹਿਬ ਅੱਗੇ ਨਤਮਸਤਕ ਹੋਣ ਲਈ ਪਹੁੰਚਿਆ ਹੋਇਆ ਹੈ। ਇਸ ਸਬੰਧੀ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰੀਆਂ ਕੀਤੀਆਂ ਗਈਆਂ ਹਨ, ਉੱਥੇ ਹੀ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਆਉਣ ਵਾਲੀ ਸੰਗਤ ਦੀ ਸਹੂਲਤਾਂ ਲਈ ਤਿਆਰੀਆਂ ਕੀਤੀਆਂ ਗਈਆਂ ਹਨ।



# ਅਗਲੇ 5 ਦਿਨਾਂ 'ਚ ਹੋਵੇਗਾ AAP ਪੰਜਾਬ ਦੇ ਬਾਕੀ ਉਮੀਦਵਾਰਾਂ ਦਾ ਐਲਾਨ, CM ਮਾਨ ਨੇ ਦਿੱਤੀ ਜਾਣਕਾਰੀ

ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਜਲਦ ਹੀ ਆਪਣੇ ਬਾਕੀ ਦੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਜਾਵੇਗਾ । ਦਰਅਸਲ, ਆਮ ਆਦਮੀ ਪਾਰਟੀ ਵੱਲੋਂ ਅਗਲੇ 5 ਦਿਨਾਂ ਵਿੱਚ ਬਾਕੀ ਦੇ ਪੰਜ ਨਾਵਾਂ ਦਾ ਐਲਾਨ ਕੀਤਾ ਜਾਵੇਗਾ। ਇਸ ਬਾਰੇ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਜਾਣਕਾਰੀ ਦਿੱਤੀ ਹੈ। CM ਮਾਨ ਨੇ ਨੇ ਐਕਸ 'ਤੇ ਲਿਖਿਆ, "ਅਗਲੇ ਪੰਜ ਦਿਨਾਂ 'ਚ ਆਮ ਆਦਮੀ ਪਾਰਟੀ ਵੱਲੋਂ ਬਾਕੀ ਪੰਜ ਲੋਕ ਸਭਾ ਦੀਆਂ ਟਿਕਟਾਂ ਦੇ ਉਮੀਦਵਾਰਾਂ ਦਾ ਐਲਾਨ ਕਰ ਦਿਤਾ ਜਾਵੇਗਾ।"ਦੱਸ ਦੇਈਏ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਇੱਕ ਸੂਚੀ ਜਾਰੀ ਕਰ ਕੇ ਲੋਕ ਸਭਾ ਚੋਣਾਂ ਲਈ 8 ਉਮੀਦਵਾਰਾਂ ਦਾ ਐਲਾਨ ਕੀਤਾ ਸੀ। ਜਿਸ ਵਿੱਚ AAP ਨੇ 5 ਮੰਤਰੀਆਂ ਨੂੰ ਉਮੀਦਵਾਰ ਬਣਾਇਆ ਹੈ। ਇਸ ਵਿੱਚ ਅੰਮ੍ਰਿਤਸਰ ਤੋਂ ਕੁਲਦੀਪ ਧਾਲੀਵਾਲ, ਖਡੂਰ ਸਾਹਿਬ ਤੋਂ ਲਾਲਜੀਤ ਭੁੱਲਰ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਫਤਿਹਗੜ੍ਹ ਸਾਹਿਬ ਤੋਂ ਗੁਰਪ੍ਰੀਤ ਸਿੰਘ ਜੀ.ਪੀ., ਫਰੀਦਕੋਟ ਤੋਂ ਕਰਮਜੀਤ ਅਨਮੋਲ, ਬਠਿੰਡਾ ਤੋਂ ਗੁਰਮੀਤ ਸਿੰਘ ਖੁੱਡੀਆਂ, ਸੰਗਰੂਰ ਤੋਂ ਗੁਰਮੀਤ ਸਿੰਘ ਮੀਤ ਹੇਅਰ ਅਤੇ ਪਟਿਆਲਾ ਤੋਂ ਡਾ. ਬਲਬੀਰ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।



# ਪੰਜਾਬ ਕਾਂਗਰਸ ਨੂੰ ਲੱਗਣਗੇ ਹੋਰ ਝਟਕੇ! 2 MP ਭਾਜਪਾ ਦੇ ਸੰਪਰਕ 'ਚ, ਇਕ ਹੋਰ ਵਿਧਾਇਕ AAP ਵੱਲੋਂ ਲੜ ਸਕਦੈ ਚੋਣ

ਪੰਜਾਬ 'ਚ ਆਗਾਮੀ ਲੋਕ ਸਭਾ ਚੋਣ ਤੋਂ ਪਹਿਲਾਂ ਵਧਦੀ ਸਿਆਸੀ ਗਰਮਾ-ਗਰਮੀ ਦਰਮਿਆਨ ਨੇਤਾਵਾਂ ਦੇ ਪੱਖ ਬਦਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਭਾਵੇਂ ਪੰਜਾਬ 'ਚ ਲੋਕ ਸਭਾ ਚੋਣਾਂ ਸਬੰਧੀ ਰਸਮੀ ਨੋਟੀਫਿਕੇਸ਼ਨ ਅਜੇ ਤੱਕ ਜਾਰੀ ਨਹੀਂ ਹੋਇਆ, ਪਰ ਹੁਣ ਤੱਕ ਆਮ ਆਦਮੀ ਪਾਰਟੀ ਇਸ ਖੇਡ 'ਚ ਬਾਜੀ ਮਾਰਦੀ ਨਜ਼ਰ ਆ ਰਹੀ ਹੈ। ਸਭ ਤੋਂ ਪਹਿਲਾਂ 8 ਉਮੀਦਵਾਰਾਂ ਦਾ ਐਲਾਨ ਕੀਤਾ ਜਿੰਨ੍ਹਾਂ 'ਚ ਇੱਕ ਖਾਸ ਨਾਮ ਗੁਰਪ੍ਰੀਤ ਸਿੰਘ ਜੀ.ਪੀ. ਦਾ ਹੈ, ਜੋ ਹਾਲ 'ਚ ਕਾਂਗਰਸ ਛੱਡ ਕੇ 'ਆਪ' ਵਿਚ ਸ਼ਾਮਲ ਹੋਏ ਸਨ।ਇਸ ਤੋਂ ਇਲਾਵਾ ਚੱਬੇਵਾਲ ਤੋਂ ਵਿਧਾਇਕ ਤੇ ਕਾਂਗਰਸ ਵਿਧਾਇਕ ਦਲ ਦੇ ਉਪ ਨੇਤਾ ਡਾ. ਰਾਜ ਕੁਮਾਰ ਚੱਬੇਵਾਲ ਨੇ ਅਚਾਨਕ 'ਆਪ' 'ਚ ਸ਼ਾਮਲ ਹੋ ਕੇ ਨਾ ਸਿਰਫ਼ ਸੂਬੇ ਦੀ ਸਮੁੱਚੀ ਕਾਂਗਰਸ ਸਗੋਂ ਹੁਸ਼ਿਆਰਪੁਰ ਹਲਕੇ ਦੇ 'ਆਪ' ਆਗੂਆਂ ਨੂੰ ਵੀ ਹੈਰਾਨ ਕਰ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਡਾ. ਚੱਬੇਵਾਲ ਹੁਸ਼ਿਆਰਪੁਰ ਤੋਂ 'ਆਪ' ਦੇ ਲੋਕ ਸਭਾ ਉਮੀਦਵਾਰ ਹੋਣਗੇ। ਪੱਖ ਬਦਲਣ ਦੀ ਇਹ ਸਿਆਸਤ ਅਗਲੇ ਮਹੀਨੇ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਸੂਤਰਾਂ ਦੀ ਮੰਨੀਏ ਤਾਂ ਕਾਂਗਰਸ ਦੇ ਦੋ ਮੌਜੂਦਾ ਸੰਸਦ ਮੈਂਬਰਾਂ ਨੇ ਭਾਜਪਾ ਦੀ ਰਾਸ਼ਟਰੀ ਲੀਡਰਸ਼ਿਪ ਨਾਲ ਸੰਪਰਕ ਕੀਤਾ ਹੈ। ਇਹ ਮਾਲਵੇ ਦੀਆਂ 2 ਸੀਟਾਂ 'ਤੇ ਦਾਅਵਾ ਪੇਸ਼ ਕਰ ਰਹੇ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਇਕ ਦੀ ਨਜ਼ਰ ਚੰਡੀਗੜ੍ਹ ਲੋਕ ਸਭਾ ਸੀਟ 'ਤੇ ਵੀ ਟਿਕੀ ਹੋਈ ਹੈ। ਉਕਤ ਸੰਸਦ ਮੈਂਬਰ ਦੀ ਤਰਜੀਹ ਚੰਡੀਗੜ੍ਹ ਸੀਟ ਹੈ ਪਰ ਅਜਿਹਾ ਨਾ ਹੋਣ 'ਤੇ ਉਹ ਬਾਕੀ ਦੋ ਸੀਟਾਂ 'ਚੋਂ ਕਿਸੇ ਇੱਕ 'ਤੇ ਵੀ ਚੋਣ ਲੜਨ ਲਈ ਤਿਆਰ ਹਨ।

ਦੂਜੇ ਪਾਸੇ 'ਕਮਲ' ਦਾ ਪੱਲਾ ਫੜਨ ਲਈ ਉਤਾਵਲੇ ਦੂਜੇ ਸੰਸਦ ਮੈਂਬਰ ਦੀ ਨਜ਼ਰ ਆਪਣੀ ਰਵਾਇਤੀ ਸੀਟ 'ਤੇ ਹੀ ਟਿਕੀ ਹੈ। ਉਹ ਭਾਜਪਾ ਵੱਲੋਂ ਸ਼ਰਤੀਆ ਉਮੀਦਵਾਰ ਬਣਨਾ ਚਾਹੁੰਦੇ ਹਨ। ਪਾਰਟੀ ਸੂਤਰਾਂ ਦੀ ਮੰਨੀਏ ਤਾਂ ਉਹ ਅਕਾਲੀ ਦਲ ਨਾਲ ਬਿਨ੍ਹਾਂ ਗਠਜੋੜ ਕੀਤੇ ਚੋਣ ਲੜਨ ਦੇ ਹੱਕ ਵਿਚ ਹਨ। ਇਹ ਦੋਵੇਂ ਸੰਸਦ ਮੈਂਬਰ ਨਾ ਸਿਰਫ਼ ਸੀਨੀਅਰ ਹਨ, ਸਗੋਂ ਦੋਵਾਂ ਵਿਚਕਾਰ ਲੰਬੇ ਸਮੇਂ ਤੋਂ 36 ਦਾ ਆਂਕੜਾ ਵੀ ਰਿਹਾ ਹੈ। ਇੱਛਾ ਇਹੋ ਹੈ ਕਿ ਜੇਕਰ ਨਤੀਜੇ ਆਉਣ ਤੋਂ ਬਾਅਦ ਭਾਜਪਾ ਨੂੰ ਬਹੁਮਤ ਮਿਲਦਾ ਹੈ ਤੇ ਇਹ ਆਗੂ ਚੋਣ ਜਿੱਤ ਜਾਂਦੇ ਹਨ ਤਾਂ ਆਪਣੀ ਸੀਨੀਅਰਤਾ ਤੇ ਤਜਰਬੇ ਦੇ ਆਧਾਰ 'ਤੇ ਕੇਂਦਰ 'ਚ ਮੰਤਰੀ ਦੇ ਦਾਅਵੇਦਾਰ ਬਣ ਜਾਣਗੇ।ਪੰਜਾਬ ਭਾਜਪਾ ਦੇ ਇਕ ਸੀਨੀਅਰ ਆਗੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਹ ਦੋਵੇਂ ਹੀ ਪਾਰਟੀ 'ਚ ਉੱਚ ਪੱਧਰ ਦੇ ਸੰਪਰਕ 'ਚ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇਕਰ ਇਹ ਦੋਵੇਂ ਭਾਜਪਾ 'ਚ ਸ਼ਾਮਲ ਹੋ ਜਾਂਦੇ ਹਨ ਤਾਂ ਇੰਨ੍ਹਾਂ ਹਲਕਿਆਂ ਤੋਂ ਉਹੋ ਹੀ ਪਾਰਟੀ ਦੀ ਪਹਿਲੀ ਪਸੰਦ ਹੋਣਗੇ। ਉਂਜ, ਇਸ ਵਿਚ ਮੁੱਖ ਅੜਿੱਕਾ ਇਹ ਹੈ ਕਿ ਹਾਲੇ ਅਕਾਲੀ ਦਲ ਨਾਲ ਗਠਜੋੜ ਬਾਰੇ ਸਥਿਤੀ ਸਪੱਸ਼ਟ ਨਹੀਂ ਹੋਈ ਹੈ। ਜੇਕਰ ਗਠਜੋੜ ਹੁੰਦਾ ਹੈ ਤੇ ਭਾਜਪਾ ਨੂੰ ਇਹ ਦੋਵੇਂ ਹਲਕੇ ਮਿਲ ਜਾਂਦੇ ਹਨ ਤਾਂ ਹੀ ਕਾਂਗਰਸੀ ਸੰਸਦ ਮੈਂਬਰਾਂ ਦੀ ਦਾਲ ਗਲੇਗੀ। ਇਸ ਦੌਰਾਨ ਇਕ ਹੋਰ ਵਿਧਾਇਕ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਅਟਕਲਾਂ ਵੀ ਤੇਜ਼ ਹੋ ਗਈਆਂ ਹਨ। ਉਕਤ ਵਿਧਾਇਕ ਦੀ 'ਆਪ' ਲੀਡਰਸ਼ਿਪ ਨਾਲ ਗੱਲਬਾਤ ਚੱਲ ਰਹੀ ਹੈ। ਵਿਧਾਇਕ ਦੇ ਪਰਿਵਾਰ ਦਾ ਦੋ ਦਹਾਕਿਆਂ ਤੋਂ ਵੱਧ ਦਾ ਸਫ਼ਲ ਸਿਆਸੀ ਜੀਵਨ ਟਿਕਟ ਦੀ ਦਾਅਵੇਦਾਰੀ ਨੂੰ ਮਜ਼ਬੂਤ ਕਰਦਾ ਹੈ।

# ਪ੍ਰਾਈਮ ਵੀਡੀਓ ਨੇ ਸਭ ਤੋਂ ਵੱਡੀ ਸਲੇਟ ਦੀ ਕੀਤੀ ਘੁੰਢ ਚੁਕਾਈ, 70 ਸੀਰੀਜ਼ ਅਤੇ ਫਿਲਮਾਂ ਸ਼ਾਮਲ



ਭਾਰਤ ਦੇ ਸਭ ਤੋਂ ਪਸੰਦੀਦਾ ਮਨੋਰੰਜਨ ਸਥਾਨ, ਪ੍ਰਾਈਮ ਵੀਡੀਓ ਨੇ ਆਪਣੇ ਦੂਜੇ ਪ੍ਰਾਈਮ ਵੀਡੀਓ ਪ੍ਰੈਜ਼ੇਂਟਸ ਇੰਡੀਆ ਸ਼ੋਅਕੇਸ ਵਿਚ ਦੇਸ਼ ’ਚ ਆਪਣੀ ਹੁਣ ਤੱਕ ਦੀ ਸਭ ਤੋਂ ਅਹਿਮ ਅਤੇ ਵੱਖੋ-ਵੱਖਰੇ ਕੰਟੈਂਟ ਦੀ ਘੁੰਢ ਚੁਕਾਈ ਕੀਤੀ ਹੈ, ਜਿਸ ਵਿਚ ਲਗਭਗ 70 ਸੀਰੀਜ਼ ਅਤੇ ਫਿਲਮਾਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਦਾ ਪ੍ਰੀਮੀਅਰ ਆਉਂਦੇ ਦੋ ਸਾਲਾਂ ’ਚ ਸਰਵਿਸ ’ਤੇ ਕੀਤਾ ਜਾਵੇਗਾ। 40 ਓਰਿਜ਼ਨਲ ਸੀਰੀਜ਼ ਤੇ ਫਿਲਮਾਂ ਅਤੇ ਭਾਰਤ ਦੀਆਂ ਕੁਝ ਸਭ ਤੋਂ ਵੱਡੀਆਂ ਅਤੇ ਚਿਰਾਂ ਤੋਂ ਉਡੀਕ ’ਚ ਰਹੀਆਂ ਫਿਲਮਾਂ ਵਿਚੋਂ 29 ਦੇ ਨਾਲ, ਨਵੀਂ ਸਲੇਟ ਗਾਹਕਾਂ ਨੂੰ ਖੁਸ਼ ਕਰਨ ਅਤੇ ਉਨ੍ਹਾਂ ਨੂੰ ਜੁੜੇ ਰੱਖਣ ਲਈ ਸਭ ਤੋਂ ਵਧੀਆ ਭਾਰਤੀ ਮਨੋਰੰਜਨ ਪੇਸ਼ ਕਰਨ ਦਾ ਵਾਅਦਾ ਕਰਦੀ ਹੈ। ਪ੍ਰਾਈਮ ਵੀਡੀਓ ਦੇ ਆਉਣ ਵਾਲੇ ਓਰਿਜ਼ਨਲ, ਘਰ ਵਿਚ ਹਰ ਕਿਸੇ ਲਈ ਕੁਝ ਨਾ ਕੁਝ ਪੇਸ਼ ਕਰਦੇ ਹਨ, ਜਿਸ ਵਿਚ ਹਿੰਦੀ, ਤਮਿਲ ਅਤੇ ਤੇਲਗੂ ਵਿਚ ਕਈ ਸ਼ੈਲੀਆਂ ਵਿਚ ਸੀਰੀਜ਼ ਅਤੇ ਫ਼ਿਲਮਾਂ ਦੀ ਇਕ ਵਿਸਥਾਰਤ ਲੜੀ ਨੂੰ ਸ਼ਾਮਲ ਕੀਤਾ ਗਿਆ ਹੈ। ਰੋਮਾਂਚਕ ਥ੍ਰਿਲਰ ਅਤੇ ਦਿਲਚਸਪ ਨਾਟਕਾਂ ਤੋਂ ਲੈ ਕੇ ਕਾਮੇਡੀ ਅਤੇ ਰੌਂਗਟੇ ਖੜੇ ਕਰ ਦੇਣ ਵਾਲੀ ਹੌਰਰ ਤੱਕ, ਦਿਲਚਸਪ ਗੈਰ-ਸਕ੍ਰਿਪਟੇਡ ਸ਼ੋਅ, ਨੌਜਵਾਨਾਂ ਲਈ ਦਿਲਚਸਪ ਕਹਾਣੀਆਂ, ਹਾਈ-ਆਕਟੇਨ ਐਕਸ਼ਨ ਅਤੇ ਆਕਰਸ਼ਕ ਸੰਗੀਤ ਨਾਟਕ, ਵੱਖ-ਵੱਖ ਲਿਸਟ ਸਰਵੋਤਮ ਸਥਾਨਕ ਕਹਾਣੀਆਂ ਨੂੰ ਸਕ੍ਰੀਨ ’ਤੇ ਲੈ ਕੇ ਆਉਂਦੀ ਹੈ। ਇਹ ਭਾਰਤ ਦੇ ਕੁਝ ਸਭ ਤੋਂ ਵੱਕਾਰੀ ਫਿਲਮ ਸਟੂਡੀਓਜ਼ ਦੀਆਂ ਵੱਖ-ਵੱਖ ਭਾਸ਼ਾਵਾਂ ਦੀਆਂ ਫਿਲਮਾਂ ਦੇ ਇਲਾਵਾ ਸ਼ਾਮਲ ਹਨ, ਥਿਏਟਰ ਦੇ ਪ੍ਰੀਮੀਅਰ ਤੋਂ ਬਾਅਦ ਸੇਵਾ ’ਤੇ ਦੇਖਣ ਲਈ ਉਪਲਬਧ ਹੋਣਗੀਆਂ।

‘ਸਾਡਾ ਫੋਕਸ ਭਾਰਤੀ ਗਾਹਕਾਂ ਨੂੰ ਸਾਰੇ ਫਾਰਮੈਟਾਂ ਵਿਚ ਬਿਹਤਰੀਨ ਮਨੋਰੰਜਨ ਨਾਲ ਸੁਪਰ-ਸੇਵਾ ਪ੍ਰਦਾਨ ਕਰਨਾ ਹੈ। ਸਿਰਜਣਾਤਮਕ ਮੂਲ ਸੀਰੀਜ਼ ਅਤੇ ਫਿਲਮਾਂ, ਡਾਇਰੈਕਟ-ਟੂ-ਸਰਵਿਸ ਪ੍ਰੀਮੀਅਰ ਤੋਂ ਲੈ ਕੇ ਵੱਖ-ਵੱਖ ਭਾਸ਼ਾਵਾਂ ਵਿਚ ਕੁਝ ਸਭ ਤੋਂ ਵੱਡੀਆਂ ਹਿੱਟ ਦੇ ਨਾਟਕੀਆ ਪੋਸਟ ਲਾਂਚ ਤੱਕ ਸਾਡਾ ਟੀਚਾ ਗਾਹਕਾਂ ਦੇ ਲਈ ਮਨੋਰੰਜਨ ਦੀ ਪਹਿਲੀ ਪਸੰਦ ਬਣਨ ਦਾ ਹੈ। ‘ਪ੍ਰਾਈਮ ਵੀਡੀਓ’, ਭਾਰਤ ਦੇ ਕੰਟਰੀ ਡਾਇਰੈਕਟਰ ਸੁਸ਼ਾਂਤ ਸ਼੍ਰੀਰਾਮ ਨੇ ਕਿਹਾ। ‘ਸਾਡੇ ਕੰਟੈਂਟ ਨੇ 2023 ਵਿਚ ਨਵੇਂ ਰਿਕਾਰਡ ਬਣਾਏ ਹਨ, ਜਿਸ ਨਾਲ ਭਾਰਤ ਨੂੰ ਨਵੇਂ ਗਾਹਕ ਪ੍ਰਾਪਤੀ ਅਤੇ ਪ੍ਰਾਈਮ ਮੈਂਬਰ ਕਾਰੋਬਾਰ ਵਿਚ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਮੁੱਖ ਬਣੇ ਰਹਿਣ ਵਿਚ ਮਦਦ ਕੀਤੀ ਹੈ। ਅਸੀਂ ਗਾਹਕਾਂ ਤੋਂ ਮਿਲੇ ਪਿਆਰ ਤੋਂ ਪ੍ਰਭਾਵਿਤ ਹਾਂ ਅਤੇ ਚਾਹੁੰਦੇ ਹਾਂ ਕਿ ਸਾਡੀ ਸੇਵਾ ਦੀ ਹਰ ਕਹਾਣੀ ਕਿਸੇ ਦਾ ਮਨਪਸੰਦ ਸ਼ੋਅ ਜਾਂ ਫ਼ਿਲਮ ਹੋਵੇ। “ਇਸਦੇ ਮੁਤਾਬਿਕ ਅਸੀਂ ਹੁਣ ਤੱਕ ਦੀ ਆਪਣੀ ਸਭ ਤੋਂ ਵੱਡੀ, ਸਭ ਤੋਂ ਵੱਖਰੀ ਸਲੇਟ ਦੀ ਘੁੰਢ ਚੁਕਾਈ ਲਈ ਉਤਸ਼ਾਹਿਤ ਹਾਂ ਅਤੇ ਸਾਨੂੰ ਭਰੋਸਾ ਹੈ ਕਿ ਸਾਡੀਆਂ ਆਉਣ ਵਾਲੀਆਂ ਸੀਰੀਜ਼ ਅਤੇ ਫਿਲਮਾਂ ਨਾ ਸਿਰਫ਼ ਭਾਰਤ ਵਿਚ ਸਗੋਂ ਦੁਨੀਆ ਭਰ ਦੇ ਦਰਸ਼ਕਾਂ ਨੂੰ ਆਕਰਸ਼ਿਤ ਕਰਨਗੀਆਂ।’

# ਫਿਲਮ ‘ਦੋ ਔਰ ਦੋ ਪਿਆਰ’ ਦਾ ਕਰੈਕਟਰ ਪੋਸਟਰ ਹੋਇਆ ਰਿਲੀਜ਼



ਰਾਮ-ਕਾਮ ਫਿਲਮ ‘ਦੋ ਔਰ ਦੋ ਪਿਆਰ’ ਨਾਲ ਸਿਲਵਰ ਸਕ੍ਰੀਨ ’ਤੇ ਪਿਆਰ, ਹਾਸੇ ਤੇ ਆਧੁਨਿਕ ਰਿਸ਼ਤਿਆਂ ਦੀ ਇਕ ਮਨਮੋਹਕ ਕਹਾਣੀ ਲਈ ਤਿਆਰ ਹੋ ਜਾਓ। ਇਹ ਫਿਲਮ 19 ਅਪ੍ਰੈਲ ਨੂੰ ਸਿਨੇਮਾਘਰਾਂ ’ਚ ਰਿਲੀਜ਼ ਹੋਵੇਗੀ। ਅੱਜ ਖੁਦ ਫਿਲਮ ਦੇ ਨਿਰਮਾਤਾਵਾਂ ਨੇ ਕਿਰਦਾਰ ਦਾ ਪੋਸਟਰ ਜਾਰੀ ਕਰਕੇ ਲੋਕਾਂ ਦਾ ਉਤਸ਼ਾਹ ਹੋਰ ਵੀ ਵਧਾ ਦਿੱਤਾ ਹੈ। ਵਿਦਿਆ ਇਸ ਫਿਲਮ ’ਚ ਕਾਵਿਆ ਦੇ ਕਿਰਦਾਰ ’ਚ ਨਜ਼ਰ ਆਵੇਗੀ, ਜੋ ਪੇਸ਼ੇ ਤੋਂ ਦੰਦਾਂ ਦੀ ਡਾਕਟਰ ਹੈ। ਜਦੋਂ ਕਿ ਪ੍ਰਤੀਕ ਗਾਂਧੀ ਫਿਲਮ ’ਚ ਐਨੀ ਦਾ ਕਿਰਦਾਰ ਨਿਭਾਅ ਰਹੇ ਹਨ, ਜੋ ਕਿ ਪਿਆਰ ਨਾਲ ਪ੍ਰਭਾਵਿਤ ਉਦਯੋਗਪਤੀ ਹੈ। ਸੈਂਥਿਲ ਰਾਮਾਮੂਰਤੀ ਵਿਕਰਮ ਦੀ ਭੂਮਿਕਾ ਨਿਭਾਅ ਰਹੇ ਹਨ ਤੇ ਇਲਿਆਨਾ ਡੀ'ਕਰੂਜ਼ ਦੇ ਕਿਰਦਾਰ ਦਾ ਨਾਂ ਨੋਰਾ ਹੈ, ਜੋ ਫਿਲਮ ’ਚ ਇਕ ਅਭਿਨੇਤਰੀ ਹੈ। ਕਰੈਕਟਰ ਪੋਸਟਰ ਰਿਲੀਜ਼ ਹੋਣ ਤੋਂ ਬਾਅਦ, ਨਿਰਮਾਤਾ ਅੱਜ ਇਸ ਦਾ ਟੀਜ਼ਰ ਰਿਲੀਜ਼ ਕਰਨਗੇ, ਯਕੀਨਨ ‘ਦੋ ਔਰ ਦੋ ਪਿਆਰ’ ਦੀ ਕਾਸਟ ਤੁਹਾਨੂੰ ਹੈਰਾਨ ਕਰ ਸਕਦੀ ਹੈ। ਐਪਲਾਜ਼ ਐਂਟਰਟੇਨਮੈਂਟ ਦੀ ਪੇਸ਼ਕਸ਼ ‘ਦੋ ਔਰ ਦੋ ਪਿਆਰ’ ਦਾ ਨਿਰਦੇਸ਼ਨ ਅ◌ੈਵਾਰਡ ਜੇਤੂ ਵਿਗਿਆਪਨ ਫਿਲਮ ਨਿਰਮਾਤਾ ਸ਼ੀਰਸ਼ਾ ਗੁਹਾ ਠਾਕੁਰਤਾ ਨੇ ਕੀਤਾ ਹੈ, ਜੋ ਫਿਲਮ ਨਾਲ ਆਪਣਾ ਫੀਚਰ ਡੈਬਿਊ ਕਰ ਰਹੀ ਹੈ। ‘ਦੋ ਔਰ ਦੋ ਪਿਆਰ’ 19 ਅਪ੍ਰੈਲ 2024 ਨੂੰ ਸਿਨੇਮਾਘਰਾਂ ’ਚ ਰਿਲੀਜ਼ ਹੋਵੇਗੀ।

# ਸੱਸ ਜਯਾ ਬੱਚਨ ਦੀਆਂ ਗੱਲਾਂ ਸੁਣ ਕੇ ਨਹੀਂ ਰੋਕ ਸਕੀ ਐਸ਼ਵਰਿਆ ਆਪਣੇ ਹੰਝੂ, ਭਰੀ ਮਹਿਫਲ 'ਚ ਲੱਗੀ ਰੋਣ



ਜਯਾ ਬੱਚਨ ਤੇ ਐਸ਼ਵਰਿਆ ਰਾਏ ਬੱਚਨ ਵਿਚਾਲੇ ਦਰਾਰ ਦੀਆਂ ਕਈ ਖ਼ਬਰਾਂ ਆ ਚੁੱਕੀਆਂ ਹਨ। ਇਹ ਵੀ ਚਰਚਾ ਹੈ ਕਿ ਐਸ਼ਵਰਿਆ ਆਪਣਾ ਸਹੁਰਾ ਘਰ ਛੱਡ ਕੇ ਆਪਣੇ ਨਾਨਕੇ ਘਰ ਸ਼ਿਫਟ ਹੋ ਗਈ ਹੈ ਪਰ ਉਸ ਨੇ ਹਰ ਵਾਰ ਇਨ੍ਹਾਂ ਸਾਰੀਆਂ ਅਫਵਾਹਾਂ ਦਾ ਖੰਡਨ ਕੀਤਾ ਹੈ। ਉੱਥੇ ਹੀ ਜਯਾ ਬੱਚਨ ਨੂੰ ਕਈ ਵਾਰ ਮੀਡੀਆ 'ਚ ਰੁੱਖਾ ਵਿਵਹਾਰ ਕਰਦੇ ਦੇਖਿਆ ਗਿਆ ਹੈ। ਕਿਸੇ ਨਾ ਕਿਸੇ ਗੱਲ 'ਤੇ ਉਨ੍ਹਾਂ ਨੂੰ ਪਾਪਰਾਜ਼ੀ 'ਤੇ ਭੜਕਦੇ ਵੀ ਦੇਖਿਆ ਗਿਆ ਹੈ। ਜਯਾ ਬੱਚਨ ਨੂੰ ਉਨ੍ਹਾਂ ਦੇ ਮਾੜੇ ਵਿਵਹਾਰ ਕਾਰਨ ਸੋਸ਼ਲ ਮੀਡੀਆ 'ਤੇ ਕਈ ਵਾਰ ਟਰੋਲ ਵੀ ਕੀਤਾ ਜਾ ਚੁੱਕਾ ਹੈ। ਇਸ ਦੌਰਾਨ ਉਨ੍ਹਾਂ ਦਾ ਇਕ ਵੀਡੀਓ ਸਾਹਮਣੇ ਆਇਆ ਹੈ, ਜਿਸ 'ਚ ਉਹ ਆਪਣੀ ਨੂੰਹ ਨੂੰ ਕੁਝ ਕਹਿੰਦੇ ਨਜ਼ਰ ਆ ਰਹੀ ਹੈ, ਜਿਸ ਨੂੰ ਸੁਣ ਕੇ ਐਸ਼ਵਰਿਆ ਆਪਣੇ ਹੰਝੂ ਨਹੀਂ ਰੋਕ ਸਕੀ।

ਦੱਸ ਦਈਏ ਕਿ ਜਯਾ ਬੱਚਨ ਤੇ ਐਸ਼ਵਰਿਆ ਰਾਏ ਵਿਚਾਲੇ ਕਈ ਵਾਰ ਮਤਭੇਦ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਪਰ ਸੱਸ ਜਯਾ ਦਾ ਇੱਕ ਵੀਡੀਓ ਵਾਇਰਲ ਹੋਇਆ ਹੈ, ਜਿਸ 'ਚ ਉਹ ਕਠੋਰ ਸ਼ਬਦਾਂ ਦੇ ਉਲਟ ਕੁਝ ਅਜਿਹਾ ਕਹਿੰਦੀ ਨਜ਼ਰ ਆ ਰਹੀ ਹੈ, ਜਿਸ ਨੂੰ ਸੁਣ ਕੇ ਕੋਈ ਵੀ ਵਿਸ਼ਵਾਸ ਨਹੀਂ ਹੋਵੇਗਾ। ਦਰਅਸਲ, ਵਾਇਰਲ ਹੋ ਰਹੇ ਥ੍ਰੋਬੈਕ ਵੀਡੀਓ 'ਚ ਜਯਾ ਬੱਚਨ ਆਪਣੀ ਨੂੰਹ ਦੀ ਤਾਰੀਫ਼ ਕਰਦੀ ਨਜ਼ਰ ਆ ਰਹੀ ਹੈ। ਇਹ ਉਹ ਸਮਾਂ ਸੀ ਜਦੋਂ ਅਭਿਸ਼ੇਕ ਅਤੇ ਐਸ਼ਵਰਿਆ ਨਵੇਂ ਵਿਆਹੇ ਹੋਏ ਸਨ। ਇਹ ਵੀਡੀਓ ਇਕ ਐਵਾਰਡ ਸ਼ੋਅ ਦਾ ਹੈ, ਜਿੱਥੇ ਜਯਾ ਨੇ ਆਪਣੀ ਨੂੰਹ ਦੀ ਤਾਰੀਫ਼ ਕਰਦੇ ਹੋਏ ਕਿਹਾ ਕਿ ਮੈਂ ਇਕ ਪਿਆਰੀ ਕੁੜੀ ਦੀ ਸੱਸ ਬਣ ਕੇ ਬਹੁਤ ਖੁਸ਼ ਹਾਂ। ਉਨ੍ਹਾਂ ਨੇ ਐਸ਼ਵਰਿਆ ਦੀ ਡਿਗਨੀਟੀ ਅਤੇ ਵੈਲਿਊਜ਼ ਦੀ ਤਾਰੀਫ਼ ਕੀਤੀ। ਇਸ ਦੇ ਨਾਲ ਹੀ ਦਰਸ਼ਕਾਂ 'ਚ ਬੈਠੀ ਐਸ਼ਵਰਿਆ ਵੀ ਇਹ ਗੱਲਾਂ ਸੁਣ ਕੇ ਕਾਫੀ ਭਾਵੁਕ ਹੋ ਜਾਂਦੀ ਹੈ।

# ਗੁਜਰਾਤ ਟਾਈਟਨਜ਼ ਨੇ ਮੁਹੰਮਦ ਸ਼ੰਮੀ ਦੀ ਜਗ੍ਹਾ ਸੰਦੀਪ ਵਾਰੀਅਰ ਨੂੰ ਟੀਮ ਚ ਰੱਖਿਆ



ਗੁਜਰਾਤ ਟਾਈਟਨਜ਼ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਆਗਾਮੀ ਟੂਰਨਾਮੈਂਟ ਲਈ ਜ਼ਖਮੀ ਭਾਰਤੀ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਦੀ ਜਗ੍ਹਾ ਕੇਰਲ ਦੇ ਮੱਧਮ ਤੇਜ਼ ਗੇਂਦਬਾਜ਼ ਸੰਦੀਪ ਵਾਰੀਅਰ ਨੂੰ ਟੀਮ ਵਿਚ ਸ਼ਾਮਲ ਕੀਤਾ ਹੈ। ਸ਼ੰਮੀ ਨੇ ਹਾਲ ਹੀ ਵਿੱਚ ਆਪਣੀ ਸੱਜੀ ਅੱਡੀ ਦਾ ਆਪਰੇਸ਼ਨ ਕਰਵਾਇਆ ਸੀ। ਇਸ ਕਾਰਨ ਉਹ ਇੰਗਲੈਂਡ ਖਿਲਾਫ ਟੈਸਟ ਸੀਰੀਜ਼ 'ਚ ਵੀ ਨਹੀਂ ਖੇਡ ਸਕਿਆ ਸੀ। ਉਸ ਨੇ ਪਿਛਲੇ ਸਾਲ ਵਨਡੇ ਵਿਸ਼ਵ ਕੱਪ ਦੇ ਫਾਈਨਲ ਤੋਂ ਬਾਅਦ ਪ੍ਰਤੀਯੋਗੀ ਕ੍ਰਿਕਟ ਨਹੀਂ ਖੇਡੀ ਹੈ। ਜਿੱਥੋਂ ਤੱਕ ਵਾਰੀਅਰ ਦਾ ਸਵਾਲ ਹੈ, ਇਸ 32 ਸਾਲਾ ਖਿਡਾਰੀ ਨੇ 2019 ਤੋਂ ਹੁਣ ਤੱਕ ਆਈਪੀਐੱਲ ਵਿੱਚ ਪੰਜ ਮੈਚ ਖੇਡੇ ਹਨ, ਜਿਸ ਵਿੱਚ ਉਸ ਨੇ 7.88 ਦੀ ਆਰਥਿਕ ਦਰ ਨਾਲ ਦੋ ਵਿਕਟਾਂ ਲਈਆਂ ਹਨ। ਗੁਜਰਾਤ ਨੇ ਉਸ ਨੂੰ 50 ਲੱਖ ਰੁਪਏ ਦੇ ਆਧਾਰ ਮੁੱਲ 'ਤੇ ਆਪਣੀ ਟੀਮ 'ਚ ਸ਼ਾਮਲ ਕੀਤਾ ਹੈ। IPL 2024 ਵਿੱਚ ਗੁਜਰਾਤ ਆਪਣਾ ਪਹਿਲਾ ਮੈਚ 24 ਮਾਰਚ ਨੂੰ ਮੁੰਬਈ ਇੰਡੀਅਨਜ਼ ਖਿਲਾਫ ਖੇਡੇਗਾ।

# ਮੁੰਬਈ ਇੰਡੀਅਨਜ਼ ਨੇ ਦਿਲਸ਼ਾਨ ਮਦੁਸ਼ੰਕਾ ਦੀ ਜਗ੍ਹਾ ਕਵੇਨਾ ਮਫਾਕਾ ਨੂੰ ਟੀਮ 'ਚ ਕੀਤਾ ਸ਼ਾਮਲ

ਮੁੰਬਈ ਇੰਡੀਅਨਜ਼ ਨੇ ਬੁੱਧਵਾਰ ਨੂੰ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦੇ ਆਗਾਮੀ ਸੀਜ਼ਨ ਲਈ ਜ਼ਖਮੀ ਸ਼੍ਰੀਲੰਕਾ ਦੇ ਤੇਜ਼ ਗੇਂਦਬਾਜ਼ ਦਿਲਸ਼ਾਨ ਮਦੁਸ਼ੰਕਾ ਦੀ ਜਗ੍ਹਾ ਦੱਖਣੀ ਅਫਰੀਕਾ ਦੇ ਤੇਜ਼ ਗੇਂਦਬਾਜ਼ ਗੇਂਦਬਾਜ਼ ਕਵੇਨਾ ਮਫਾਕਾ ਨੂੰ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ। 23 ਸਾਲਾ ਸ਼੍ਰੀਲੰਕਾ ਦਾ ਤੇਜ਼ ਗੇਂਦਬਾਜ਼ ਬੰਗਲਾਦੇਸ਼ ਖਿਲਾਫ ਹਾਲ ਹੀ 'ਚ ਖਤਮ ਹੋਈ ਵਨਡੇ ਸੀਰੀਜ਼ ਦੌਰਾਨ ਜ਼ਖਮੀ ਹੋ ਗਿਆ ਸੀ। ਆਈਪੀਐੱਲ ਨਿਲਾਮੀ ਵਿੱਚ ਮੁੰਬਈ ਇੰਡੀਅਨਜ਼ ਨੇ ਉਸ ਨੂੰ 4.6 ਕਰੋੜ ਰੁਪਏ ਵਿੱਚ ਖਰੀਦਿਆ। ਦੱਖਣੀ ਅਫਰੀਕਾ ਦੇ ਮਾਫਾਕਾ ਨੇ ਅਜੇ ਤੱਕ ਕੋਈ ਅੰਤਰਰਾਸ਼ਟਰੀ ਮੈਚ ਨਹੀਂ ਖੇਡਿਆ ਹੈ ਪਰ ਇਸ 17 ਸਾਲਾ ਤੇਜ਼ ਗੇਂਦਬਾਜ਼ ਨੇ ਅੰਡਰ-19 ਵਿਸ਼ਵ ਕੱਪ ਵਿੱਚ 9.71 ਦੀ ਔਸਤ ਨਾਲ 21 ਵਿਕਟਾਂ ਲਈਆਂ ਅਤੇ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ। ਉਸ ਨੇ ਕਿਹਾ, 'ਕੋਈ ਟੱਕਰ ਨਹੀਂ ਹੋਵੇਗੀ।


# ਗੁਜਰਾਤ ਟਾਈਟਨਜ਼ ਨੇ ਮੁਹੰਮਦ ਸ਼ੰਮੀ ਦੀ ਜਗ੍ਹਾ ਸੰਦੀਪ ਵਾਰੀਅਰ ਨੂੰ ਟੀਮ ਚ ਰੱਖਿਆ





ਲਖਨਊ ਸੁਪਰ ਜਾਇੰਟਸ ਦੇ ਮੁੱਖ ਕੋਚ ਜਸਟਿਨ ਲੈਂਗਰ ਦਾ ਮੰਨਣਾ ਹੈ ਕਿ ਜੇਕਰ ਕੇ. ਐੱਲ. ਰਾਹੁਲ ਟੀਮ ਨੂੰ ਪਹਿਲਾ ਆਈ. ਪੀ. ਐੱਲ. ਖਿਤਾਬ ਦਿਵਾ ਸਕਦੇ ਹਨ ਤਾਂ ਟੀ-20 ਵਿਸ਼ਵ ਕੱਪ ਲਈ ਭਾਰਤੀ ਟੀਮ 'ਚ ਉਨ੍ਹਾਂ ਦੀ ਜਗ੍ਹਾ ਪੱਕੀ ਹੋ ਜਾਣੀ ਚਾਹੀਦੀ ਹੈ। ਪੱਟ ਦੀ ਮਾਸਪੇਸ਼ੀ ਦੀ ਸੱਟ ਤੋਂ ਉਭਰਨ ਤੋਂ ਬਾਅਦ ਵਾਪਸੀ ਕਰ ਰਹੇ ਰਾਹੁਲ ਸ਼ਾਇਦ ਆਈ. ਪੀ. ਐਲ. ਵਿੱਚ ਵਿਕਟਕੀਪਿੰਗ ਨਹੀਂ ਕਰਨਗੇ। ਭਾਰਤ ਦੀ ਟੀ-20 ਟੀਮ ਵਿੱਚ ਉਸਦੀ ਚੋਣ ਨਿਸ਼ਚਿਤ ਨਹੀਂ ਹੈ, ਇਸ ਲਈ ਉਸਨੂੰ ਆਈ. ਪੀ. ਐਲ. ਵਿੱਚ ਬੱਲੇਬਾਜ਼ੀ ਅਤੇ ਵਿਕਟ ਦੇ ਪਿੱਛੇ ਚੰਗਾ ਪ੍ਰਦਰਸ਼ਨ ਕਰਨਾ ਹੋਵੇਗਾ।ਇਹ ਪੁੱਛੇ ਜਾਣ 'ਤੇ ਕਿ ਉਹ ਆਪਣੀ ਨਿੱਜੀ ਕਪਤਾਨੀ ਦੀਆਂ ਇੱਛਾਵਾਂ ਅਤੇ ਟੀਮ ਦੇ ਹਿੱਤਾਂ ਨੂੰ ਕਿਵੇਂ ਸੰਤੁਲਿਤ ਕਰੇਗਾ, ਲੈਂਗਰ ਨੇ ਕਿਹਾ ਕਿ ਇਹ ਮੁਸ਼ਕਲ ਨਹੀਂ ਹੈ। ਉਸ ਨੇ ਕਿਹਾ, 'ਜੇਕਰ ਟੀਮ ਚੰਗਾ ਕਰਦੀ ਹੈ ਤਾਂ ਸਾਰਿਆਂ ਨੂੰ ਇਨਾਮ ਮਿਲਦਾ ਹੈ। ਜੇਕਰ ਕੇ. ਐੱਲ. ਲਖਨਊ ਦੀ ਟੀਮ ਨੂੰ ਆਈ.ਪੀ.ਐੱਲ. ਖਿਤਾਬ ਤੱਕ ਪਹੁੰਚਾਉਂਦਾ ਹੈ ਤਾਂ ਇਸ ਦਾ ਮਤਲਬ ਹੋਵੇਗਾ ਕਿ ਉਸ ਨੇ ਚੰਗੀ ਕਪਤਾਨੀ, ਚੰਗੀ ਬੱਲੇਬਾਜ਼ੀ ਅਤੇ ਚੰਗੀ ਵਿਕਟਕੀਪਿੰਗ ਕੀਤੀ ਹੈ। ਰਾਹੁਲ ਤੋਂ ਇਲਾਵਾ ਲਖਨਊ ਦੇ ਲੈੱਗ ਸਪਿਨਰ ਰਵੀ ਬਿਸ਼ਨੋਈ ਵੀ ਚੋਣ ਦੀ ਦੌੜ ਵਿੱਚ ਹਨ। ਲੈਂਗਰ ਨੇ ਕਿਹਾ, 'ਕੇ.ਐੱਲ ਜਾਂ ਬਿਸ਼ਨੋਈ ਲਈ ਸਪੱਸ਼ਟ ਸੰਦੇਸ਼ ਲਖਨਊ ਟੀਮ ਲਈ ਚੰਗਾ ਖੇਡਣ 'ਤੇ ਧਿਆਨ ਕੇਂਦਰਿਤ ਕਰਨਾ ਹੈ, ਟੀ-20 ਵਿਸ਼ਵ ਕੱਪ ਟੀਮ 'ਚ ਜਗ੍ਹਾ ਮਿਲਣ ਦੀ ਤੁਹਾਡੀ ਸੰਭਾਵਨਾ ਵਧ ਜਾਵੇਗੀ।' ਲਖਨਊ ਟੀਮ ਦੇ ਸਾਬਕਾ ਮੈਂਟਰ ਗੌਤਮ ਗੰਭੀਰ ਹੁਣ ਕੇ. ਕੇ. ਆਰ. ਨਾਲ ਜੁੜ ਗਏ ਹਨ। ਇਹ ਪੁੱਛੇ ਜਾਣ 'ਤੇ ਕਿ ਕੀ ਟੂਰਨਾਮੈਂਟ ਦੌਰਾਨ ਉਨ੍ਹਾਂ 'ਚ ਟੱਕਰ ਦੇਖਣ ਨੂੰ ਮਿਲ ਸਕਦੀ ਹੈ, ਲੈਂਗਰ ਨੇ ਕਿਹਾ ਕਿ ਉਹ ਟੀਮ ਲਈ ਗੰਭੀਰ ਦੇ ਯੋਗਦਾਨ ਦਾ ਪ੍ਰਸ਼ੰਸਕ ਹੈ।

ਉਸ ਨੇ ਕਿਹਾ, 'ਕੋਈ ਟੱਕਰ ਨਹੀਂ ਹੋਵੇਗੀ। ਮੈਂ ਉਸ ਦੇ ਟੀਮ ਛੱਡਣ ਤੋਂ ਦੁਖੀ ਹਾਂ ਪਰ ਉਹ ਕੇਕੇਆਰ ਦਾ ਅਸਲੀ ਹੀਰੋ ਹੈ। ਅਸੀਂ ਦੋਵੇਂ ਚੰਗੇ ਦੋਸਤ ਰਹੇ ਹਾਂ। ਦਿੱਲੀ ਕੈਪੀਟਲਜ਼ ਦੇ ਕੋਚ ਰਿਕੀ ਪੋਂਟਿੰਗ ਵੀ ਮੇਰੇ ਦੋਸਤ ਹਨ। CSK ਦੇ ਸਟੀਫਨ ਫਲੇਮਿੰਗ ਅਤੇ ਮਾਈਕ ਹਸੀ ਵੀ ਮੇਰੇ ਦੋਸਤ ਹਨ।

# ਲਖਨਊ ਕੋਲ ਹੈ ਧਾਕੜ ਬੱਲੇਬਾਜ਼ਾਂ ਦੀ ਫੌਜ, ਇਸ ਸੀਜ਼ਨ ਇੰਝ ਹੋਵੇਗੀ ਪਲੇਇੰਗ 11

IPL 2024 ਸ਼ੁੱਕਰਵਾਰ, 22 ਮਾਰਚ ਤੋਂ ਸ਼ੁਰੂ ਹੋਵੇਗਾ। ਲਖਨਊ ਸੁਪਰ ਜਾਇੰਟਸ ਟੀਮ ਆਪਣਾ ਪਹਿਲਾ ਮੈਚ 24 ਮਾਰਚ ਨੂੰ ਜੈਪੁਰ ਵਿੱਚ ਰਾਜਸਥਾਨ ਰਾਇਲਜ਼ ਦੇ ਖਿਲਾਫ ਖੇਡੇਗੀ। ਫਿਲਹਾਲ ਸੁਪਰ ਜਾਇੰਟਸ ਲਖਨਊ 'ਚ ਅਭਿਆਸ ਕਰ ਰਹੇ ਹਨ। ਹਾਲਾਂਕਿ ਟੀਮ ਦੇ ਕਪਤਾਨ ਨੇ ਅਜੇ ਤੱਕ ਅਭਿਆਸ 'ਚ ਹਿੱਸਾ ਨਹੀਂ ਲਿਆ ਹੈ। ਖੈਰ, ਇੱਥੇ ਜਾਣੋ ਕਿ ਇਸ ਸੀਜ਼ਨ ਵਿੱਚ ਲਖਨਊ ਦਾ ਪਲੇਇੰਗ ਇਲੈਵਨ ਕਿਹੋ ਜਿਹਾ ਹੋ ਸਕਦਾ ਹੈ।ਲਖਨਊ 'ਚ ਇਸ ਸੀਜ਼ਨ 'ਚ ਧਮਾਕੇਦਾਰ ਬੱਲੇਬਾਜ਼ਾਂ ਦੀ ਫੌਜ ਹੈ। ਟੀਮ ਵਿੱਚ ਕੇ. ਐਲ. ਰਾਹੁਲ, ਕਵਿੰਟਨ ਡੀ ਕਾਕ, ਦੇਵਦੱਤ ਪੱਡੀਕਲ, ਨਿਕੋਲਸ ਪੂਰਨ ਅਤੇ ਮਾਰਕਸ ਸਟੋਇਨਿਸ ਦੇ ਰੂਪ ਵਿੱਚ ਟੀ-20 ਕ੍ਰਿਕਟ ਦੇ ਕਈ ਮਾਹਰ ਖਿਡਾਰੀ ਹਨ। ਇਸ ਦੇ ਨਾਲ ਹੀ ਤੇਜ਼ ਗੇਂਦਬਾਜ਼ੀ ਵੀ ਇਸ ਸੀਜ਼ਨ 'ਚ ਕਾਫੀ ਸੰਤੁਲਿਤ ਨਜ਼ਰ ਆ ਰਹੀ ਹੈ। ਟੀਮ 'ਚ ਰਵੀ ਬਿਸ਼ਨੋਈ ਅਤੇ ਕਰੁਣਾਲ ਪੰਡਯਾ ਦੇ ਰੂਪ 'ਚ ਦੋ ਸ਼ਾਨਦਾਰ ਸਪਿਨਰ ਵੀ ਹਨ। ਲਖਨਊ ਸੁਪਰ ਜਾਇੰਟਸ ਦੇ ਇਸ ਸੀਜ਼ਨ ਦੇ ਪਲੇਇੰਗ ਇਲੈਵਨ ਦੀ ਗੱਲ ਕਰੀਏ ਤਾਂ ਕਪਤਾਨ ਕੇ. ਐੱਲ. ਰਾਹੁਲ ਅਤੇ ਵਿਕਟਕੀਪਰ ਬੱਲੇਬਾਜ਼ ਕਵਿੰਟਨ ਡੀ ਕਾਕ ਪਾਰੀ ਦੀ ਸ਼ੁਰੂਆਤ ਕਰ ਸਕਦੇ ਹਨ। ਇਸ ਤੋਂ ਬਾਅਦ ਦੇਵਦੱਤ ਪੱਡੀਕਲ ਦੇ ਤੀਜੇ ਨੰਬਰ 'ਤੇ ਖੇਡਣ ਦੀ ਉਮੀਦ ਹੈ। ਹਾਲਾਂਕਿ ਪੱਡੀਕਲ ਚੋਟੀ ਦੇ ਕ੍ਰਮ ਦੇ ਬੱਲੇਬਾਜ਼ ਹਨ, ਪਰ ਪਿਛਲੇ ਸੀਜ਼ਨ ਵਿੱਚ ਉਹ ਰਾਜਸਥਾਨ ਰਾਇਲਜ਼ ਲਈ ਮੱਧਕ੍ਰਮ ਵਿੱਚ ਬੱਲੇਬਾਜ਼ੀ ਕਰ ਰਹੇ ਸਨ। ਇਸ ਤੋਂ ਬਾਅਦ ਨਿਕੋਲਸ ਪੂਰਨ ਚੌਥੇ ਨੰਬਰ 'ਤੇ, ਮਾਰਕਸ ਸਟੋਇਨਿਸ ਪੰਜਵੇਂ ਨੰਬਰ 'ਤੇ, ਆਯੂਸ਼ ਬਡੋਨੀ ਨੰਬਰ ਛੇ 'ਤੇ ਅਤੇ ਹਰਫਨਮੌਲਾ ਕਰੁਣਾਲ ਪੰਡਯਾ ਸੱਤਵੇਂ ਨੰਬਰ 'ਤੇ ਬੱਲੇਬਾਜ਼ੀ ਕਰ ਸਕਦੇ ਹਨ। ਸਪਿਨ ਵਿਭਾਗ ਦੀ ਗੱਲ ਕਰੀਏ ਤਾਂ ਕਰੁਣਾਲ ਰਵੀ ਬਿਸ਼ਨੋਈ ਦੇ ਨਾਲ ਇਹ ਜ਼ਿੰਮੇਵਾਰੀ ਸੰਭਾਲਣਗੇ। ਜਦਕਿ ਤੇਜ਼ ਗੇਂਦਬਾਜ਼ੀ 'ਚ ਸ਼ਿਵਮ ਮਾਵੀ, ਮੋਹਸਿਨ ਖਾਨ ਅਤੇ ਸ਼ਮਰ ਜੋਸੇਫ ਦੀ ਤਿਕੜੀ ਐਕਸ਼ਨ ਕਰਦੀ ਨਜ਼ਰ ਆ ਸਕਦੀ ਹੈ।

# ਇਸ ਹਫਤੇ ਇਜ਼ਰਾਈਲ ਦਾ ਦੌਰਾ ਕਰਨਗੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ



ਅਕਤੂਬਰ ਵਿੱਚ ਹਮਾਸ ਨਾਲ ਇਜ਼ਰਾਈਲ ਦੀ ਜੰਗ ਸ਼ੁਰੂ ਹੋਣ ਤੋਂ ਬਾਅਦ ਪੱਛਮੀ ਏਸ਼ੀਆ ਵਿੱਚ ਆਪਣੇ ਜ਼ਰੂਰੀ ਮਿਸ਼ਨ ਦੇ ਹਿੱਸੇ ਵਜੋਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਇਸ ਹਫ਼ਤੇ ਇਜ਼ਰਾਈਲ ਦਾ ਦੌਰਾ ਕਰਨਗੇ। ਹਾਲ ਹੀ ਦੇ ਹਫ਼ਤਿਆਂ ਵਿੱਚ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਆਈ ਹੈ। ਇਹ ਦੌਰਾ ਅਮਰੀਕੀ ਅਤੇ ਇਜ਼ਰਾਈਲੀ ਅਧਿਕਾਰੀਆਂ ਦੁਆਰਾ ਯੋਜਨਾਬੱਧ ਦੌਰਿਆਂ ਅਤੇ ਸੰਘਰਸ਼ ਦੀ ਸਥਿਤੀ ਨੂੰ ਲੈ ਕੇ ਗੰਭੀਰ ਜਨਤਕ ਅਸਹਿਮਤੀ ਦੇ ਵਿਚਕਾਰ ਹੋ ਰਿਹਾ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, "ਇਜ਼ਰਾਈਲ ਵਿੱਚ ਬਲਿੰਕਨ ਸਾਰੇ ਬੰਧਕਾਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਚੱਲ ਰਹੀ ਗੱਲਬਾਤ 'ਤੇ ਇਜ਼ਰਾਈਲੀ ਸਰਕਾਰ ਦੀ ਲੀਡਰਸ਼ਿਪ ਨਾਲ ਚਰਚਾ ਕਰਨਗੇ। ਉਹ ਰਫਾਹ ਸਮੇਤ ਹਮਾਸ ਦੀ ਹਾਰ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਵੀ ਵਿਚਾਰ ਵਟਾਂਦਰਾ ਕਰਨਗੇ, ਤਾਂ ਜੋ ਨਾਗਰਿਕ ਆਬਾਦੀ ਦੀ ਰੱਖਿਆ ਕੀਤੀ ਜਾ ਸਕੇ, ਮਨੁੱਖਤਾਵਾਦੀ ਸਹਾਇਤਾ ਦੀ ਡਿਲਿਵਰੀ ਵਿੱਚ ਰੁਕਾਵਟ ਨਾ ਆਏ ਅਤੇ ਇਜ਼ਰਾਈਲ ਦੀ ਸਮੁੱਚੀ ਸੁਰੱਖਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ।' ਗਾਜ਼ਾ ਯੁੱਧ 'ਚ ਵਧਦੇ ਜਾਨੀ ਨੁਕਸਾਨ ਕਾਰਨ ਅਮਰੀਕਾ ਅਤੇ ਇਜ਼ਰਾਈਲ ਵਿਚਾਲੇ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵਾਰ-ਵਾਰ ਕਿਹਾ ਹੈ ਕਿ ਉਹ ਰਾਸ਼ਟਰਪਤੀ ਜੋ ਬਾਈਡੇਨ ਦੀਆਂ ਉਨ੍ਹਾਂ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰਨਗੇ, ਜਿਸ ਵਿਚ ਉਨ੍ਹਾਂ ਨਿਰਦੋਸ਼ ਫਲਸਤੀਨੀਆਂ ਦੀ ਰੱਖਿਆ ਲਈ ਭਰੋਸੇਯੋਗ ਯੋਜਨਾਵਾਂ ਤੋਂ ਬਿਨਾਂ ਰਫਾਹ ਵਿੱਚ ਵੱਡੇ ਪੱਧਰ 'ਤੇ ਜ਼ਮੀਨੀ ਕਾਰਵਾਈ ਸ਼ੁਰੂ ਨਾ ਕਰਨ ਦੀ ਗੱਲ ਕਹੀ ਗਈ ਹੈ, ਜਿਨ੍ਹਾਂ ਨੇ ਉੱਥੇ ਸ਼ਰਨ ਮੰਗੀ ਹੈ।

# ਡੋਨਾਲਡ ਟਰੰਪ ਨੇ ਇਲੀਨੋਇਸ ਚ ਰਿਪਬਲਿਕਨ ਪ੍ਰਾਇਮਰੀ ਚ ਜਿੱਤ ਕੀਤੀ ਹਾਸਲ

ਡੋਨਾਲਡ ਟਰੰਪ ਨੇ ਅਮਰੀਕਾ ਦੇ ਇਲੀਨੋਇਸ ਸੂਬੇ ਵਿੱਚ ਹੋਈ ਰਿਪਬਲਿਕਨ ਪਾਰਟੀ ਦੀ ਪ੍ਰਾਇਮਰੀ ਚੋਣ ਜਿੱਤ ਲਈ ਹੈ। ਟਰੰਪ ਪਹਿਲਾਂ ਹੀ ਰਿਪਬਲਿਕਨ ਪਾਰਟੀ ਦੀ ਨਾਮਜ਼ਦਗੀ ਲਈ ਲੋੜੀਂਦੇ ਡੈਲੀਗੇਟਾਂ ਤੱਕ ਪਹੁੰਚ ਚੁੱਕੇ ਹਨ ਪਰ ਇਲੀਨੋਇਸ ਦੀ ਜਿੱਤ ਨਾਲ ਉਨ੍ਹਾਂ ਦਾ ਰਸਤਾ ਹੋਰ ਸਾਫ਼ ਹੋ ਗਿਆ।ਅਮਰੀਕਾ ਦੇ ਇਲੀਨੋਇਸ ਸੂਬੇ ਵਿੱਚ 64 ਰਿਪਬਲਿਕਨ ਡੈਲੀਗੇਟ ਹਨ। ਇਸ ਤੋਂ ਪਹਿਲਾਂ 2020 ਦੀਆਂ ਚੋਣਾਂ ਵਿੱਚ, ਬਾਈਡੇਨ ਨੇ ਇਲੀਨੋਇਸ ਵਿੱਚ ਟਰੰਪ ਨੂੰ 17 ਅੰਕਾਂ ਨਾਲ ਹਰਾਇਆ ਸੀ। ਇਸ ਤੋਂ ਇਲਾਵਾ ਟਰੰਪ 2016 ਵਿੱਚ ਸਾਬਕਾ ਡੈਮੋਕਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਤੋਂ ਹਾਰ ਗਏ ਸਨ। ਟਰੰਪ ਕੋਲ ਹੁਣ 1623 ਡੈਲੀਗੇਟ ਹਨ ਅਤੇ ਬਾਈਡੇਨ ਕੋਲ 2483 ਡੈਲੀਗੇਟ ਹਨ। ਇਸ ਸਾਲ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਬਾਈਡੇਨ ਅਤੇ ਟਰੰਪ ਦੇ ਫਿਰ ਤੋਂ ਆਹਮੋ-ਸਾਹਮਣੇ ਹੋਣ ਦੀ ਸੰਭਾਵਨਾ ਹੈ।



# ਅਮਰੀਕਾ ਨੇ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਦਾਅਵੇ ਨੂੰ ਕੀਤਾ ਖਾਰਜ, ਭਾਰਤੀ ਖੇਤਰ ਵਜੋਂ ਦਿੱਤੀ ਮਾਨਤਾ

ਅਮਰੀਕਾ ਨੇ ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ ਹੈ। ਅਮਰੀਕਾ ਨੇ ਕਿਹਾ ਕਿ ਅਸੀਂ ਇਕਪਾਸੜ ਤੌਰ 'ਤੇ ਸਰਹੱਦ 'ਤੇ ਕਿਸੇ ਵੀ ਬਦਲਾਅ ਦਾ ਸਖ਼ਤ ਵਿਰੋਧ ਕਰਾਂਗੇ। ਦਰਅਸਲ ਹਾਲ ਹੀ ਵਿੱਚ ਪੀ.ਐੱਮ ਮੋਦੀ ਨੇ ਅਰੁਣਾਚਲ ਪ੍ਰਦੇਸ਼ ਦਾ ਦੌਰਾ ਕੀਤਾ ਸੀ ਅਤੇ ਉੱਥੇ ਸੇਲਾ ਸੁਰੰਗ ਦਾ ਉਦਘਾਟਨ ਕੀਤਾ ਸੀ। ਪੀ.ਐੱਮ ਮੋਦੀ ਦੇ ਦੌਰੇ ਤੋਂ ਬਾਅਦ ਚੀਨ ਨੇ ਪ੍ਰਧਾਨ ਮੰਤਰੀ ਨੇ ਬਿਆਨ ਜਾਰੀ ਕਰ ਕੇ ਦੌਰੇ ਦਾ ਵਿਰੋਧ ਕੀਤਾ।ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਵੇਦਾਂਤ ਪਟੇਲ ਨੇ ਬੁੱਧਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਅਮਰੀਕਾ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਹਿੱਸਾ ਮੰਨਦਾ ਹੈ ਅਤੇ ਅਸੀਂ LAC 'ਤੇ ਇਕਤਰਫਾ ਕਾਰਵਾਈ, ਫੌਜੀ ਜਾਂ ਸਿਵਲ ਰਾਹੀਂ ਕਿਸੇ ਵੀ ਤਰ੍ਹਾਂ ਦੇ ਬਦਲਾਅ ਦੇ ਖ਼ਿਲਾਫ਼ ਹਾਂ।



ਪੀ.ਐੱਮ ਮੋਦੀ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ 'ਤੇ ਚੀਨ ਦੇ ਰੱਖਿਆ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਜ਼ੀਚਾਂਗ (ਤਿੱਬਤ ਲਈ ਚੀਨੀ ਨਾਮ) ਚੀਨ ਦਾ ਅਨਿੱਖੜਵਾਂ ਅੰਗ ਹੈ ਅਤੇ ਚੀਨ ਅਰੁਣਾਚਲ ਪ੍ਰਦੇਸ਼ 'ਤੇ ਭਾਰਤ ਦੇ ਕਥਿਤ ਕਬਜ਼ੇ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗਾ। ਚੀਨ ਅਰੁਣਾਚਲ ਪ੍ਰਦੇਸ਼ ਨੂੰ ਤਿੱਬਤ ਦਾ ਹਿੱਸਾ ਮੰਨਦਾ ਹੈ। ਹਾਲਾਂਕਿ ਚੀਨ ਦੇ ਬਿਆਨ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਨੇ ਵੀ ਚੀਨ ਨੂੰ ਕਰੜੇ ਸ਼ਬਦਾਂ 'ਚ ਜਵਾਬ ਦਿੱਤਾ ਅਤੇ ਅਰੁਣਾਚਲ ਪ੍ਰਦੇਸ਼ 'ਤੇ ਚੀਨ ਨੂੰ ਸ਼ੀਸ਼ਾ ਦਿਖਾਇਆ। ਭਾਰਤੀ ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਨੂੰ ਇਕ ਬਿਆਨ 'ਚ ਕਿਹਾ ਕਿ ਚੀਨ ਦੇ ਰੱਖਿਆ ਮੰਤਰਾਲੇ ਦਾ ਦਾਅਵਾ ਪੂਰੀ ਤਰ੍ਹਾਂ ਬੇਤੁਕਾ ਹੈ। ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅੰਗ ਸੀ, ਹੈ ਅਤੇ ਰਹੇਗਾ।

ਅਮਰੀਕੀ ਸਰਕਾਰ ਨੇ ਕਿਹਾ ਕਿ ਉਹ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ ਵਿੱਚ ਭਾਰਤ ਨਾਲ ਮਿਲ ਕੇ ਕੰਮ ਕਰ ਰਹੇ ਹਨ। ਪਿਛਲੇ ਸਾਲ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਅਮਰੀਕਾ 'ਚ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲੱਗਾ ਸੀ। ਦੋਸ਼ ਹੈ ਕਿ ਨਿਖਿਲ ਗੁਪਤਾ ਨੇ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਨਾਲ ਮਿਲ ਕੇ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ। ਭਾਰਤ ਸਰਕਾਰ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਡੋਨਾਲਡ ਲੂ ਨੇ ਸੰਸਦ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਨੂੰ ਦੱਸਿਆ ਕਿ ਅਸੀਂ ਭਾਰਤ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਇਸ ਪਿੱਛੇ ਜੋ ਵੀ ਹਨ, ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ।

ਡੋਨਾਲਡ ਲੂ ਨੇ ਕਿਹਾ ਕਿ 'ਇਹ ਦੋਵਾਂ ਦੇਸ਼ਾਂ ਵਿਚਾਲੇ ਗੰਭੀਰ ਮਾਮਲਾ ਹੈ। ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਦੇ ਕਹਿਣ 'ਤੇ ਇੱਕ ਭਾਰਤੀ ਨਾਗਰਿਕ ਅਮਰੀਕਾ ਵਿੱਚ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜ਼ਿਸ਼ ਰਚ ਰਿਹਾ ਸੀ। ਅਸੀਂ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਇਸ ਮਾਮਲੇ 'ਤੇ ਭਾਰਤ ਦੀ ਚੋਟੀ ਦੀ ਲੀਡਰਸ਼ਿਪ ਦੇ ਸੰਪਰਕ 'ਚ ਹਾਂ। ਭਾਰਤ ਨੇ ਵੀ ਇੱਕ ਕਮੇਟੀ ਬਣਾ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਇੰਡੋਨੇਸ਼ੀਆ ਦੀਆਂ ਰਾਸ਼ਟਰਪਤੀ ਚੋਣਾਂ 'ਚ ਪ੍ਰਬੋਵੋ ਸੁਬੀਆਂਤੋ ਜੇਤੂ ਘੋਸ਼ਿਤ

ਇੰਡੋਨੇਸ਼ੀਆ ਦੇ ਰੱਖਿਆ ਮੰਤਰੀ ਪ੍ਰਬੋਵੋ ਸੁਬੀਆਂਤੋ ਨੂੰ ਰਾਸ਼ਟਰਪਤੀ ਚੋਣਾਂ ਦਾ ਜੇਤੂ ਐਲਾਨ ਦਿੱਤਾ ਗਿਆ ਹੈ। ਦੋ ਸਾਬਕਾ ਰਾਜਪਾਲਾਂ ਨੇ ਚੋਣ ਧਾਂਦਲੀ ਦਾ ਦੋਸ਼ ਲਾਉਂਦਿਆਂ ਨਤੀਜਿਆਂ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦੀ ਸਹੁੰ ਖਾਧੀ ਹੈ। ਸੁਬੀਆਂਤੋ 'ਤੇ ਸਾਬਕਾ ਤਾਨਾਸ਼ਾਹੀ ਸ਼ਾਸਨ ਦੌਰਾਨ ਪਰੇਸ਼ਾਨ ਕਰਨ ਦਾ ਦੋਸ਼ ਸੀ। ਉਨ੍ਹਾਂ ਨੇ ਮੌਜੂਦਾ ਰਾਸ਼ਟਰਪਤੀ ਦੇ ਪੁੱਤਰ ਨੂੰ ਆਪਣਾ ਉਪ ਰਾਸ਼ਟਰਪਤੀ ਬਣਾਇਆ ਹੈ।

ਬੁੱਧਵਾਰ ਨੂੰ ਅਧਿਕਾਰਤ ਤੌਰ 'ਤੇ ਵੋਟਾਂ ਦੀ ਗਿਣਤੀ ਖ਼ਤਮ ਹੋਣ ਤੋਂ ਬਾਅਦ ਚੋਣ ਕਮਿਸ਼ਨ ਨੇ ਕਿਹਾ ਕਿ ਸੁਬੀਆਂਤੋ ਨੂੰ 58.6 ਫੀਸਦੀ ਵੋਟਾਂ ਮਿਲੀਆਂ, ਜਦੋਂ ਕਿ ਜਕਾਰਤਾ ਦੇ ਸਾਬਕਾ ਗਵਰਨਰ ਐਨੀਸ ਬਾਸਵੇਦਨ ਨੂੰ 24.9 ਫੀਸਦੀ ਅਤੇ ਕੇਂਦਰੀ ਜਾਵਾ ਦੇ ਸਾਬਕਾ ਗਵਰਨਰ ਗੰਜਰ ਪ੍ਰਣੋਵੋ ਨੂੰ 16.5 ਫੀਸਦੀ ਵੋਟਾਂ ਮਿਲੀਆਂ। ਸੁਬੀਆਂਤੋ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਦਾ ਵੀ ਸਨਮਾਨ ਕਰਨਗੇ ਜਿਨ੍ਹਾਂ ਨੇ ਉਸ ਨੂੰ ਵੋਟ ਨਹੀਂ ਦਿੱਤੀ। ਉਸਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ,"ਅਸੀਂ ਸਾਰੇ ਇੰਡੋਨੇਸ਼ੀਆਈ ਲੋਕਾਂ ਨੂੰ ਮਿਲ ਕੇ ਭਵਿੱਖ ਵੱਲ ਵੇਖਣ ਲਈ ਕਹਿੰਦੇ ਹਾਂ।" ਸਾਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਕਿਉਂਕਿ ਇੱਕ ਰਾਸ਼ਟਰ ਵਜੋਂ ਸਾਡੀਆਂ ਚੁਣੌਤੀਆਂ ਬਹੁਤ ਵੱਡੀਆਂ ਹਨ। ਸੁਬੀਆਂਤੋ ਨੂੰ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੇ ਨਾਲ-ਨਾਲ ਚੀਨ, ਰੂਸ, ਫਰਾਂਸ, ਨੀਦਰਲੈਂਡ ਅਤੇ ਬ੍ਰਿਟਿਸ਼ ਸਰਕਾਰਾਂ ਤੋਂ ਵਧਾਈ ਸੰਦੇਸ਼ ਮਿਲੇ ਹਨ, ਜਿਨ੍ਹਾਂ ਸਾਰਿਆਂ ਨੇ ਉਸ ਦੀ ਅਗਵਾਈ ਹੇਠ ਬਣਨ ਵਾਲੀ ਅਗਲੀ ਸਰਕਾਰ ਨਾਲ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਜੇ. ਬਲਿੰਕੇਨ ਨੇ ਸੁਬੀਆਂਤੋ ਦੀ ਜਿੱਤ ਦੀ ਪੁਸ਼ਟੀ ਹੋਣ ਤੋਂ ਬਾਅਦ ਕਿਹਾ, "ਅਸੀਂ ਰਾਸ਼ਟਰਪਤੀ-ਚੁਣੇ ਹੋਏ ਸੁਬੀਆਂਤੋ ਅਤੇ ਉਸਦੇ ਪ੍ਰਸ਼ਾਸਨ ਨਾਲ ਨੇੜਿਓਂ ਸਾਂਝੇਦਾਰੀ ਕਰਨ ਦੀ ਉਮੀਦ ਰੱਖਦੇ ਹਾਂ ਜਦੋਂ ਉਹ ਅਕਤੂਬਰ ਵਿੱਚ ਅਹੁਦਾ ਸੰਭਾਲਦਾ ਹੈ।" ਨਵਾਂ ਰਾਸ਼ਟਰਪਤੀ 20 ਅਕਤੂਬਰ ਨੂੰ ਅਹੁਦਾ ਸੰਭਾਲੇਗਾ ਅਤੇ ਉਸ ਨੂੰ ਦੋ ਹਫ਼ਤਿਆਂ ਦੇ ਅੰਦਰ ਮੰਤਰੀ ਮੰਡਲ ਦੀ ਨਿਯੁਕਤੀ ਕਰਨੀ ਹੋਵੇਗੀ।



# ਆਸਟ੍ਰੇਲੀਆ ਸਰਕਾਰ ਨੇ ਆਪਣੇ ਨਵੇਂ ਫ਼ੈਸਲੇ ਨਾਲ ਭਾਰਤੀਆਂ ਦੀਆਂ ਮੁਸ਼ਕਲਾਂ 'ਚ ਕੀਤਾ ਵਾਧਾ



ਆਸਟ੍ਰੇਲੀਆਈ ਬਿਊਰੋ ਆਫ ਸਟੈਟਿਸਟਿਕਸ ਦੁਆਰਾ ਵੀਰਵਾਰ ਨੂੰ ਜਾਰੀ ਕੀਤੀ ਗਈ ਤਾਰੀਖ ਨੇ ਦਿਖਾਇਆ ਹੈ ਕਿ 30 ਸਤੰਬਰ, 2023 ਤੱਕ ਸ਼ੁੱਧ ਇਮੀਗ੍ਰੇਸ਼ਨ ਸਾਲ ਵਿੱਚ 60% ਵੱਧ ਕੇ ਰਿਕਾਰਡ 548,800 ਹੋ ਗਿਆ, ਜੋ ਕਿ ਜੂਨ 2023 ਨੂੰ ਖ਼ਤਮ ਹੋਏ ਸਾਲ ਵਿੱਚ 518,000 ਲੋਕਾਂ ਨਾਲੋਂ ਵੱਧ ਹੈ। ਕੁੱਲ ਮਿਲਾ ਕੇ ਆਸਟ੍ਰੇਲੀਆ ਦੀ ਆਬਾਦੀ ਪਿਛਲੇ ਸਤੰਬਰ ਤੱਕ ਰਿਕਾਰਡ 2.5% ਦੀ ਸਭ ਤੋਂ ਤੇਜ਼ ਗਤੀ ਨਾਲ ਵੱਧ ਕੇ 26.8 ਮਿਲੀਅਨ ਤੱਕ ਪਹੁੰਚ ਗਈ। 2022-23 ਵਿੱਚ ਨੈੱਟ ਇਮੀਗ੍ਰੇਸ਼ਨ ਦੇ ਰਿਕਾਰਡ 518,000 ਤੱਕ ਪਹੁੰਚਣ ਤੋਂ ਬਾਅਦ ਆਸਟ੍ਰੇਲੀਆ ਨੇ ਆਪਣੇ ਵੀਜ਼ਾ ਨਿਯਮਾਂ ਨੂੰ ਸਖਤ ਕਰਨ ਦਾ ਫ਼ੈਸਲਾ ਕੀਤਾ ਹੈ। ਓ'ਨੀਲ ਨੇ ਕਿਹਾ ਕਿ 2022-23 'ਚ ਪ੍ਰਵਾਸ 'ਚ ਇਹ ਵਾਧਾ ਅੰਤਰਰਾਸ਼ਟਰੀ ਵਿਦਿਆਰਥੀਆਂ ਕਾਰਨ ਹੋਇਆ ਹੈ।ਹਰ ਸਾਲ ਭਾਰਤ ਤੋਂ ਵੱਡੀ ਗਿਣਤੀ ਵਿਦਿਆਰਥੀ ਪੜ੍ਹਾਈ ਲਈ ਆਸਟ੍ਰੇਲੀਆ ਜਾਂਦੇ ਹਨ। ਗਲੋਬਲ ਡਾਟਾ ਅਤੇ ਬਿਜ਼ਨਸ ਇੰਟੈਲੀਜੈਂਸ ਪਲੇਟਫਾਰਮ ਸਟੈਟਿਸਟਾ ਦੀ ਇੱਕ ਰਿਪੋਰਟ ਅਨੁਸਾਰ ਜੁਲਾਈ 2023 ਤੱਕ 118,869 ਭਾਰਤੀ ਵਿਦਿਆਰਥੀ ਆਸਟ੍ਰੇਲੀਆ ਵਿੱਚ ਪੜ੍ਹ ਰਹੇ ਸਨ।

ਆਸਟ੍ਰੇਲੀਆ ਦੀ ਸਰਕਾਰ ਨੇ ਵੀਜ਼ਾ ਅਤੇ ਮਾਈਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ, ਜਿਸ ਨਾਲ ਭਾਰਤ ਦੀਆਂ ਚਿੰਤਾਵਾਂ ਵਧ ਗਈਆਂ ਹਨ। ਆਸਟ੍ਰੇਲੀਆਈ ਸਰਕਾਰ ਨੇ ਸੋਮਵਾਰ ਨੂੰ ਕਿਹਾ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਘੱਟ ਹੁਨਰ ਵਾਲੇ ਕਾਮਿਆਂ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰ ਰਿਹਾ ਹੈ। ਇਸ ਕਦਮ ਦਾ ਉਦੇਸ਼ ਅਗਲੇ ਦੋ ਸਾਲਾਂ ਵਿੱਚ ਆਸਟ੍ਰੇਲੀਆ ਵਿੱਚ ਪ੍ਰਵਾਸੀਆਂ ਦੀ ਗਿਣਤੀ ਨੂੰ ਅੱਧਾ ਕਰਨਾ ਹੈ। ਨਿਊਜ਼ ਏਜੰਸੀ ਰਾਇਟਰਜ਼ ਦੀ ਇੱਕ ਰਿਪੋਰਟ ਅਨੁਸਾਰ ਨਵੀਆਂ ਨੀਤੀਆਂ ਦੇ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅੰਗਰੇਜ਼ੀ ਪ੍ਰੀਖਿਆਵਾਂ ਵਿੱਚ ਉੱਚ ਰੇਟਿੰਗ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸ ਦੇ ਨਾਲ ਹੀ ਜਿਹੜੇ ਵਿਦਿਆਰਥੀ ਲੰਬੇ ਸਮੇਂ ਤੱਕ ਆਸਟ੍ਰੇਲੀਆ 'ਚ ਰਹਿਣਾ ਚਾਹੁੰਦੇ ਹਨ, ਉਨ੍ਹਾਂ ਦੀ ਦੂਸਰੀ ਵਾਰ ਵੀਜ਼ਾ ਅਪਲਾਈ ਕਰਨ 'ਤੇ ਪੂਰੀ ਤਰ੍ਹਾਂ ਨਾਲ ਜਾਂਚ ਕੀਤੀ ਜਾਵੇਗੀ। ਆਸਟ੍ਰੇਲੀਆ ਦੇ ਗ੍ਰਹਿ ਮੰਤਰੀ ਕਲੇ ਓ'ਨੀਲ ਨੇ ਮੀਡੀਆ ਬ੍ਰੀਫਿੰਗ 'ਚ ਕਿਹਾ, 'ਸਾਡੀ ਰਣਨੀਤੀ ਵਧਦੀ ਮਾਈਗ੍ਰੇਸ਼ਨ ਸੰਖਿਆ ਨੂੰ ਆਮ ਵਾਂਗ ਲਿਆਏਗੀ। ਪਰ ਇਹ ਸਿਰਫ਼ ਮਾਈਗ੍ਰੇਸ਼ਨ ਨੰਬਰਾਂ ਬਾਰੇ ਨਹੀਂ ਹੈ, ਇਹ ਆਸਟ੍ਰੇਲੀਆ ਦੇ ਭਵਿੱਖ ਬਾਰੇ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਆਸਟ੍ਰੇਲੀਆ ਦੇ ਪ੍ਰਵਾਸ ਨੰਬਰਾਂ ਨੂੰ "ਟਿਕਾਊ ਪੱਧਰ" 'ਤੇ ਵਾਪਸ ਲਿਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਰਵਾਸ ਸਬੰਧੀ ਇੱਕ ਸਿਸਟਮ ਬਣਾਇਆ ਗਿਆ ਸੀ ਜੋ ਟੁੱਟ ਗਿਆ ਹੈ। ਇਸ ਦੇ ਨਾਲ ਹੀ ਓ'ਨੀਲ ਨੇ ਕਿਹਾ ਕਿ ਸਰਕਾਰ ਨੇ ਵਿਦੇਸ਼ੀਆਂ ਦੀ ਗਿਣਤੀ ਨੂੰ ਘੱਟ ਕਰਨ ਲਈ ਪਹਿਲਾਂ ਹੀ ਕੁਝ ਸੁਧਾਰ ਕੀਤੇ ਹਨ, ਜੋ ਪ੍ਰਭਾਵਸ਼ਾਲੀ ਹਨ ਅਤੇ ਪ੍ਰਵਾਸੀਆਂ ਦੀ ਗਿਣਤੀ 'ਚ ਕਮੀ ਲਿਆਉਣਗੇ।

# ਆਸਟ੍ਰੇਲੀਆ 'ਚ ਹੜ੍ਹ ਦੀ ਗੰਭੀਰ ਚਿਤਾਵਨੀ, ਉੱਤਰੀ ਖੇਤਰ ਨੂੰ ਖਾਲੀ ਕਰਨ ਦੇ ਆਦੇਸ਼

ਆਸਟ੍ਰੇਲੀਆ ਦੇ ਉੱਤਰੀ ਖੇਤਰ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਭਿਆਨਕ ਹੜ੍ਹ ਦੀ ਚਿਤਾਵਨੀ ਵਿਚਕਾਰ ਖੇਤਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਮੌਸਮ ਵਿਗਿਆਨ ਬਿਊਰੋ ਨੇ ਵੀਰਵਾਰ ਨੂੰ ਕਿਹਾ ਕਿ ਉੱਤਰੀ ਪ੍ਰਦੇਸ਼ ਦੇ ਅਧਿਕਾਰੀਆਂ ਨੇ ਆਸਟ੍ਰੇਲੀਆਈ ਰੱਖਿਆ ਬਲ (ਏ.ਡੀ.ਐਫ) ਦੀ ਸਹਾਇਤਾ ਨਾਲ ਬੁੱਧਵਾਰ ਰਾਤ ਨੂੰ ਦੱਖਣ-ਪੂਰਬ ਦੇ ਬੋਰੋਲੂਲਾ ਸ਼ਹਿਰ ਤੋਂ ਸੈਂਕੜੇ ਵਸਨੀਕਾਂ ਨੂੰ ਕੱਢਣਾ ਸ਼ੁਰੂ ਕੀਤਾ। ਸਾਬਕਾ ਖੰਡੀ ਚੱਕਰਵਾਤ 'ਮੇਗਨ' ਦੇ ਖੇਤਰ ਵਿੱਚ ਤਬਾਹੀ ਮਚਾਉਣ ਦੀ ਸੰਭਾਵਨਾ ਹੈ, ਭਾਰੀ ਬਾਰਿਸ਼ ਨਾਲ ਮੈਕਆਰਥਰ ਨਦੀ ਵਿੱਚ ਪਾਣੀ ਦਾ ਪੱਧਰ 18 ਮੀਟਰ ਤੱਕ ਵਧਣ ਦੀ ਸੰਭਾਵਨਾ ਹੈ। ਉੱਤਰੀ ਖੇਤਰ ਦੇ ਪੁਲਸ ਕਮਿਸ਼ਨਰ ਮਾਈਕਲ ਮਰਫੀ ਨੇ ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਅਸੀਂ ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ, ਇਸ ਤਰ੍ਹਾਂ ਅਸੀਂ 'ਸੌ ਸਾਲ ਵਿੱਚ ਇੱਕ ਵਾਰ' ਆਉਣ ਵਾਲੇ ਹੜ੍ਹ ਨਾਲ ਨਜਿੱਠ ਰਹੇ ਹਾਂ। ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ ਕਿ ਬੋਰੋਲੂਲਾ ਦੇ ਵਸਨੀਕ ਸੁਰੱਖਿਅਤ ਰਹਿਣ। ADF ਦੁਆਰਾ ਬੋਰੋਲੂਲਾ ਦੇ ਲਗਭਗ 700 ਨਿਵਾਸੀਆਂ ਦੀ ਇੱਕ ਯੋਜਨਾਬੱਧ ਨਿਕਾਸੀ ਸੋਮਵਾਰ ਨੂੰ ਖਰਾਬ ਮੌਸਮ ਦੇ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਖਰਾਬ ਮੌਸਮ 'ਚ ਜਹਾਜ਼ ਨੂੰ ਸੁਰੱਖਿਅਤ ਲੈਂਡ ਕਰਨ 'ਚ ਮੁਸ਼ਕਿਲਾਂ ਦੇ ਮੱਦੇਨਜ਼ਰ ਇਹ ਫ਼ੈਸਲਾ ਲਿਆ ਗਿਆ। ਮੰਗਲਵਾਰ ਨੂੰ ਹਵਾ ਦੀ ਰਫਤਾਰ ਕੁਝ ਘੱਟ ਹੋਣ ਤੋਂ ਬਾਅਦ ਵੀ ਇੱਥੇ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ। ਵੀਰਵਾਰ ਸਵੇਰ ਤੱਕ ਤੂਫਾਨ ਪੱਛਮੀ ਆਸਟ੍ਰੇਲੀਆ (WA) ਦੇ ਨਾਲ NT ਦੀ ਸਰਹੱਦ 'ਤੇ ਪਹੁੰਚ ਰਿਹਾ ਸੀ, ਜਿੱਥੇ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਦੀ ਸੰਭਾਵਨਾ ਸੀ। ਇਸ ਦੇ ਮੱਦੇਨਜ਼ਰ ਮੌਸਮ ਵਿਭਾਗ ਨੇ ਬੇਹੱਦ ਖ਼ਰਾਬ ਮੌਸਮ ਅਤੇ ਅਚਾਨਕ ਹੜ੍ਹਾਂ ਦੀ ਚਿਤਾਵਨੀ ਦਿੱਤੀ ਸੀ।



# ਅਯੁੱਧਿਆ ਧਾਮ ਵਿੱਚ ਫੱਗਣ ਦਾ ਤਿਉਹਾਰ, ਹੋਲੀ ਖਾਸ ਹੁੰਦਾ ਹੈ ਜਦੋਂ ਰਾਮਲਲਾ ਪਾਵਨ ਅਸਥਾਨ ਵਿੱਚ ਦਾਖਲ ਹੁੰਦਾ ਹੈ, ਇੱਕਾਦਸ਼ੀ ਤੋਂ ਹੀ ਸ਼ੁਰੂ ਹੁੰਦਾ ਹੈ






- ਸ਼੍ਰੀ ਰਾਮ ਜਨਮ ਭੂਮੀ ਮੰਦਿਰ 'ਚ 500 ਸਾਲ ਦੀ ਲੰਬੀ ਉਡੀਕ ਤੋਂ ਬਾਅਦ ਭਗਵਾਨ ਸ਼੍ਰੀ ਰਾਮ ਅਯੁੱਧਿਆ 'ਚ ਉਨ੍ਹਾਂ ਦੇ ਵਿਸ਼ਾਲ ਮੰਦਰ ਦੇ ਪਾਵਨ ਅਸਥਾਨ 'ਚ ਬਿਰਾਜਮਾਨ ਹੋ ਗਏ ਹਨ, ਜਿਸ ਕਾਰਨ ਪੂਰੇ ਅਯੁੱਧਿਆ ਸ਼ਹਿਰ 'ਚ ਰਾਮ ਭਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਹੋਲੀ ਦੇ ਇਸ ਸ਼ੁਭ ਮੌਕੇ 'ਤੇ, ਖਾਸ ਤੌਰ 'ਤੇ ਹੁਣ ਜਦੋਂ ਰਾਮਲਲਾ ਆਪਣੇ ਬ੍ਰਹਮ ਅਤੇ ਸ਼ਾਨਦਾਰ ਸਥਾਨ 'ਤੇ ਸੈਟਲ ਹੋ ਗਿਆ ਹੈ। ਦੁਨੀਆ ਭਰ ਦੇ ਸਨਾਤਨਧਰਮ ਅਤੇ ਰਾਮ ਭਗਤ ਇਸ ਨੂੰ ਬੜੇ ਉਤਸ਼ਾਹ ਨਾਲ ਮਨਾ ਰਹੇ ਹਨ, ਜਿਸ ਤਰ੍ਹਾਂ ਭਗਵਾਨ ਸ਼੍ਰੀ ਰਾਮ 14 ਸਾਲ ਦੇ ਬਨਵਾਸ ਤੋਂ ਬਾਅਦ ਲੰਕਾ ਨੂੰ ਜਿੱਤ ਕੇ ਅਯੁੱਧਿਆ ਸ਼ਹਿਰ ਪਰਤ ਆਏ ਸਨ।
- ਹੁਣ ਤੱਕ, 1.25 ਕਰੋੜ ਤੋਂ ਵੱਧ ਰਾਮ ਭਗਤ ਅਯੁੱਧਿਆ ਆਏ ਹਨ: 22 ਜਨਵਰੀ ਨੂੰ, ਰਾਮ ਲੱਲਾ ਨੂੰ ਉਨ੍ਹਾਂ ਦੇ ਪਾਵਨ ਅਸਥਾਨ ਵਿੱਚ ਪਵਿੱਤਰ ਕੀਤਾ ਗਿਆ ਸੀ। 23 ਜਨਵਰੀ ਤੋਂ ਲੱਖਾਂ ਰਾਮ ਭਗਤ ਲਗਾਤਾਰ ਅਯੁੱਧਿਆ ਆ ਰਹੇ ਹਨ। ਉਹ ਆਪਣੇ ਰਾਮਲਲਾ ਦੇ ਇਲਾਹੀ ਦਰਸ਼ਨ ਕਰ ਰਹੇ ਹਨ ਅਤੇ ਹੁਣ ਤੱਕ 1.25 ਕਰੋੜ ਤੋਂ ਵੱਧ ਰਾਮ ਭਗਤ ਅਯੁੱਧਿਆ ਆ ਚੁੱਕੇ ਹਨ ਅਤੇ ਆਪਣੇ ਆਰਾਧਨ ਭਗਵਾਨ ਰਾਮਲਲਾ ਦੇ ਇਲਾਹੀ ਦਰਸ਼ਨ ਕਰ ਚੁੱਕੇ ਹਨ।
- ਇਕਾਦਸ਼ੀ ਤੋਂ ਹੀ ਫੁੱਲਾਂ ਅਤੇ ਅਬੀਰ-ਗੁਲਾਲ ਨਾਲ ਮਨਾਈ ਗਈ ਹੋਲੀ: ਤੁਹਾਨੂੰ ਦੱਸ ਦੇਈਏ ਕਿ ਹੋਲੀ ਦੇ ਪਵਿੱਤਰ ਤਿਉਹਾਰ 'ਤੇ ਇਕਾਦਸ਼ੀ ਤੋਂ ਹੀ ਪੂਰੇ ਅਯੁੱਧਿਆ ਸ਼ਹਿਰ 'ਚ ਫੁੱਲਾਂ ਅਤੇ ਅਬੀਰ-ਗੁਲਾਲ ਨਾਲ ਹੋਲੀ ਮਨਾਈ ਗਈ। ਰਾਮ ਭਗਤ ਹਨੂੰਮਾਨ ਜੀ ਦੀ ਸਿੱਧਪੀਠ ਹਨੂੰਮਾਨ ਗੜ੍ਹੀ ਸਮੇਤ ਕਈ ਮੰਦਰਾਂ 'ਚ ਸਾਧੂ-ਸੰਤਾਂ ਨੇ ਹੋਲੀ ਦੇ ਫੱਗੂ 'ਚ ਨਤਮਸਤਕ ਹੋਏ। ਸ਼੍ਰੀ ਰਾਮ ਜਨਮ ਭੂਮੀ ਮੰਦਿਰ ਨੇੜੇ ਬੂਥ ਨੰਬਰ 2 ਜਦੋਂ ਰਾਮ ਲੱਲਾ ਤਰਪਾਲ ਵਿੱਚ ਸੀ ਤਾਂ ਇਹ ਰਾਮ ਜਨਮ ਭੂਮੀ ਮੰਦਿਰ ਨੂੰ ਜਾਣ ਵਾਲਾ ਮੁੱਖ ਰਸਤਾ ਹੁੰਦਾ ਸੀ ਪਰ ਅੱਜਕੱਲ੍ਹ ਇਹ ਸ਼੍ਰੀ ਰਾਮ ਜਨਮ ਭੂਮੀ ਮੰਦਿਰ ਤੱਕ ਪਹੁੰਚਣ ਲਈ ਵੀਆਈਪੀ ਦਰਸ਼ਨਾਂ ਵਾਲਾ ਰਸਤਾ ਹੈ।
- **ਰੰਗਮਹਿਲ ਮੰਦਿਰ ਵਿੱਚ ਹੋਲੀ ਦਾ ਜਸ਼ਨ:** ਇਸ ਸੜਕ ਉੱਤੇ ਰੰਗਮਹਿਲ ਮੰਦਿਰ ਸਥਿਤ ਹੈ ਜਿਸ ਵਿੱਚ ਚੱਕਰਵਰਤੀ ਰਾਜਾ ਦਸ਼ਰਥ ਜੀ ਦੇ ਚਾਰ ਪੁੱਤਰ ਆਪੋ-ਆਪਣੀਆਂ ਲਾੜੀਆਂ ਨਾਲ ਬਿਰਾਜਮਾਨ ਹਨ। ਇਸ ਵਾਰ ਹੋਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਕਿਉਂਕਿ ਭਗਵਾਨ ਸ਼੍ਰੀ ਰਾਮ ਦੇ ਪਾਵਨ ਅਸਥਾਨ 'ਚ ਪ੍ਰਵੇਸ਼ ਕਰਨ ਦੀ ਖੁਸ਼ੀ ਨੇ ਇਸ ਰੰਗਮਹਿਲ ਮੰਦਰ ਦੀ ਹੋਲੀ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ ਹੈ, ਜਿਸ ਦੀ ਸ਼ੁਰੂਆਤ ਹੋ ਗਈ ਹੈ। ਹੋਲੀ ਦੇ ਰੰਗਾਂ ਵਿੱਚ ਰੰਗੇ ਰਾਮ ਭਗਤ ਆਪਣੇ ਭਗਵਾਨ ਸ੍ਰੀ ਰਾਮ ਲਈ ਸੋਹਰ ਅਤੇ ਫੱਗੂ ਦੇ ਗੀਤ ਗਾ ਕੇ ਤਿਉਹਾਰ ਮਨਾਉਣ ਵਿੱਚ ਰੁੱਝੇ ਹੋਏ ਹਨ।
- ਰੰਗਮਹਿਲ ਮੰਦਿਰ ਭਗਵਾਨ ਰਾਮ ਦੇ ਪਰਿਵਾਰਿਕ ਦੇਵਤਾ ਸ਼੍ਰੀ ਰੰਗਜੀ ਮਹਾਰਾਜ ਦਾ ਹੈ: ਮੰਦਿਰ ਦੇ ਮਹੰਤ ਸ਼੍ਰੀ ਜੱਜ ਬਾਬਾ ਨੇ 'ਵੈਬਦੁਨੀਆ' ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਰੰਗਮਹਿਲ ਮੰਦਿਰ ਦੀ ਮਿਥਿਹਾਸ ਬਾਰੇ ਦੱਸਿਆ ਅਤੇ ਕਿਹਾ ਕਿ ਇਹ ਰੰਗਮਹਿਲ ਮੰਦਿਰ ਭਗਵਾਨ ਰਾਮ ਦੇ ਪਰਿਵਾਰਿਕ ਦੇਵਤਾ ਸ਼੍ਰੀ ਦਾ ਹੈ। ਰੰਗਜੀ ਮਹਾਰਾਜ। ਉਨ੍ਹਾਂ ਦੇ ਦੱਖਣ ਵੱਲ, ਰੰਗਪਟਨ ਵਿੱਚ, ਚਾਰ ਭਰਾ ਵਿਆਹ ਕਰਵਾ ਕੇ ਜਨਕਪੁਰ ਤੋਂ ਆਏ, ਜੋ ਬਸੰਤ ਦਾ ਮਹੀਨਾ ਸੀ। ਬਸੰਤ ਦੇ ਮਹੀਨੇ ਠਾਕੁਰ ਜੀ ਦੀ ਪਾਲਕੀ ਆਈ ਅਤੇ ਕੌਸ਼ੱਲਿਆ ਜੀ ਨੇ ਆਪਣੇ ਪਰਿਵਾਰ ਦੇ ਦੇਵਤੇ ਦਾ ਪਿਆਰਾ ਮਹਿਲ ਕਿਸ਼ੋਰੀ ਜੀ ਨੂੰ ਦਿਖਾਇਆ ਅਤੇ ਕਿਸ਼ੋਰੀ ਜੀ ਨੂੰ ਕਿਹਾ ਕਿ ਜੇਕਰ ਕੋਈ ਧੀ ਆਈ ਹੈ ਤਾਂ ਕੋਈ ਸ਼ੁਭ ਗੀਤ ਗਾਓ, ਇਹ ਹੋਲੀ ਦਾ ਤਿਉਹਾਰ ਹੈ।
- **ਰੰਗਜੀ ਦੇ ਨਾਮ ਤੋਂ ਇਸ ਦਾ ਨਾਮ ਰੰਗਮਹਿਲ ਰੱਖਿਆ ਗਿਆ:** ਉਸਨੇ ਦੱਸਿਆ ਕਿ ਬਾਅਦ ਵਿੱਚ ਇਸਦਾ ਨਾਮ ਸ਼੍ਰੀ ਰਾਮਜੀ ਦੇ ਪਰਿਵਾਰ ਦੇ ਦੇਵਤਾ ਸ਼੍ਰੀ ਰੰਗਜੀ ਦੇ ਨਾਮ ਤੋਂ ਰੰਗਮਹਲ ਹੋ ਗਿਆ। ਉਨ੍ਹਾਂ ਦੱਸਿਆ ਕਿ ਇਸ ਰੰਗਮਹਿਲ 'ਚ ਚਾਰੇ ਭਰਾਵਾਂ ਅਤੇ ਉਨ੍ਹਾਂ ਦੀਆਂ ਲਾੜਿਆਂ ਨੇ ਮਿਲ ਕੇ ਪਹਿਲੀ ਹੋਲੀ ਖੇਡੀ ਸੀ ਅਤੇ ਅੱਜ ਵੀ ਚਾਰਾਂ ਧਾਰੀਆਂ ਦੇ ਨਾਗਾ ਸਾਧੂ ਆਪਣੇ ਪੂਰੇ ਜਥੇ ਅਤੇ ਟੋਲੇ ਨਾਲ ਢੋਲ, ਹਾਥੀਆਂ ਅਤੇ ਘੋੜਿਆਂ ਨਾਲ ਹੋਲੀ ਦੇ ਰੰਗ 'ਚ ਨੱਚਦੇ ਹਨ। ਗਾਉਣ ਅਤੇ ਹੋਲੀ ਖੇਡਣ ਆਉਣ ਵਾਲੇ ਲੋਕਾਂ ਦਾ ਇੱਥੇ ਸ਼ਾਨਦਾਰ ਸਵਾਗਤ ਕੀਤਾ ਜਾਂਦਾ ਹੈ।
- **ਇਸ ਸਾਲ ਦਾ ਹੋਲੀ ਦਾ ਤਿਉਹਾਰ ਬਹੁਤ ਖਾਸ :**
- ਉਨ੍ਹਾਂ ਦੱਸਿਆ ਕਿ ਇਸ ਰੰਗਮਹਿਲ ਮੰਦਿਰ 'ਚ ਚਾਰੋਂ ਭਰਾ ਆਪਣੀਆਂ ਪਤਨੀਆਂ ਨਾਲ ਮੌਜੂਦ ਹਨ, ਜੋ ਕਿ ਹੋਰ ਕਿਤੇ ਨਜ਼ਰ ਨਹੀਂ ਆਉਣਗੇ। ਇਹ ਬਹੁਤ ਪੁਰਾਣਾ ਬੈਂਚ ਹੈ। ਇੱਥੇ ਸਮੇਂ-ਸਮੇਂ 'ਤੇ ਕਈ ਤਿਉਹਾਰ ਮਨਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਹੋਲੀ ਦਾ ਤਿਉਹਾਰ ਰਵਾਇਤੀ ਤੌਰ 'ਤੇ ਹਰ ਸਾਲ ਮਨਾਇਆ ਜਾਂਦਾ ਹੈ ਪਰ ਇਸ ਸਾਲ ਦਾ ਹੋਲੀ ਦਾ ਤਿਉਹਾਰ ਬਹੁਤ ਹੀ ਖਾਸ ਹੈ ਕਿਉਂਕਿ 500 ਸਾਲਾਂ ਦੀ ਉਡੀਕ ਤੋਂ ਬਾਅਦ ਰਾਮ ਲੱਲਾ ਆਪਣੇ ਪ੍ਰਕਾਸ਼ ਅਸਥਾਨ 'ਚ ਬਿਰਾਜਮਾਨ ਹੋਏ ਹਨ ਅਤੇ ਸਾਡੀਆਂ ਸਾਰੀਆਂ ਪ੍ਰੇਸ਼ਾਨੀਆਂ ਤੇ ਮੁਸੀਬਤਾਂ ਦੂਰ ਹੋ ਗਈਆਂ ਹਨ | . ਹੋ ਗਏ ਹਨ। ਅੱਜ ਅਸੀਂ ਹੋਲੀ ਦਾ ਤਿਉਹਾਰ ਮਨਾ ਰਹੇ ਹਾਂ ਅਤੇ ਇਸ ਨੂੰ ਰੰਗਮਹਿਲ ਉਤਸਵ ਵਜੋਂ ਜਾਣਿਆ ਜਾਂਦਾ ਹੈ। ਅੱਜ ਸਾਡੇ ਸਾਰਿਆਂ ਦੀ ਖੁਸ਼ੀ ਦੀ ਉਚਾਈ ਨੂੰ ਮਾਪਿਆ ਨਹੀਂ ਜਾ ਸਕਦਾ।
- ਕਸ਼ੱਤਰੀ ਸਮਾਜ ਦੇ ਲੋਕਾਂ ਨੇ ਇੱਥੇ ਤਪੱਸਿਆ ਕੀਤੀ ਸੀ ਅਤੇ ਲਿਆ ਸੀ ਪ੍ਰਣ: ਅੱਜ ਇਸ ਤਿਉਹਾਰ ਵਿੱਚ ਖਾਸ ਕਰਕੇ ਅਯੁੱਧਿਆ ਜ਼ਿਲ੍ਹੇ ਦੇ ਪਿੰਡ ਜਨੋਰਾ ਦੇ ਕਸ਼ੱਤਰੀਆ ਸਮਾਜ ਦੇ ਲੋਕਾਂ ਨੇ ਇੱਥੇ ਤਪੱਸਿਆ ਕੀਤੀ ਸੀ ਅਤੇ ਪ੍ਰਣ ਲਿਆ ਸੀ ਕਿ ਜਦੋਂ ਭਗਵਾਨ ਸ਼੍ਰੀ ਰਾਮ ਆਪਣੇ ਘਰ ਬੈਠਣਗੇ। ਪਾਵਨ ਪਵਿੱਤਰ ਅਸਥਾਨ, ਫਿਰ ਅਸੀਂ ਰੰਗਮਹਿਲ ਨੂੰ ਜਾਵਾਂਗੇ, ਅਸੀਂ ਇਸ ਤਿਉਹਾਰ ਨੂੰ ਬਹੁਤ ਧੂਮਧਾਮ ਨਾਲ ਮਨਾਵਾਂਗੇ, ਅਸੀਂ ਰਾਮ ਜੀ ਦਾ ਸੋਹਰ ਗਾਵਾਂਗੇ, ਅਸੀਂ ਹੋਲੀ ਦਾ ਫਗਵਾ ਗਾਵਾਂਗੇ, ਅਸੀਂ ਆਪਣੇ ਪ੍ਰਭੂ ਦਾ ਜਾਪ ਕਰਾਂਗੇ। ਅੱਜ ਰੰਗ ਇਕਾਦਸ਼ੀ ਵਾਲੇ ਦਿਨ ਇਹ ਸਾਰੇ ਲੋਕ ਰੰਗਮਹਿਲ ਮੰਦਿਰ ਵਿਖੇ ਪਹੁੰਚ ਕੇ ਭਗਵਾਨ ਸ਼੍ਰੀ ਰਾਮ ਦੇ ਰੰਗ ਵਿਚ ਰੰਗੇ ਹੋਏ, ਹੋਲੀ ਦਾ ਫੱਗਵਾ ਗਾਉਂਦੇ ਹੋਏ ਅਤੇ ਢੋਲ ਅਤੇ ਮੰਜੀਰਾ ਵਜਾ ਰਹੇ ਹਨ।
- **ਪੁਰਖਿਆਂ ਦੀ ਸੁੱਖਣਾ ਪੂਰੀ ਹੋਈ :** ਜਨੌੜਾ ਪਿੰਡ ਖੱਤਰੀ ਸਮਾਜ ਦੇ ਪ੍ਰਧਾਨ ਰਿੰਕੂ ਸਿੰਘ ਨੇ ਕਿਹਾ ਕਿ ਸਾਡੇ ਲੋਕਾਂ ਦੀ ਇਹ ਸੁੱਖਣਾ ਪੂਰੀ ਹੋਈ ਹੈ ਕਿ 500 ਸਾਲ ਦੀ ਉਡੀਕ ਤੋਂ ਬਾਅਦ ਸਾਡੇ ਪਿਆਰੇ ਪ੍ਰਭੂ ਨੇ ਆਪਣੇ ਮਹਿਲ ਵਿੱਚ ਪ੍ਰਵੇਸ਼ ਕੀਤਾ ਹੈ। ਅਸੀਂ ਸਾਰੇ ਬਹੁਤ ਖੁਸ਼ ਹਾਂ ਕਿ ਸਾਡੇ ਪੂਰਵਜਾਂ ਨੇ ਇਹ ਪ੍ਰਣ ਲਿਆ ਸੀ ਕਿ ਜਿਸ ਦਿਨ ਭਗਵਾਨ ਸ਼੍ਰੀ ਰਾਮ ਪਾਵਨ ਅਸਥਾਨ ਵਿੱਚ ਪ੍ਰਵੇਸ਼ ਕਰਨਗੇ, ਉਹ ਰੰਗ ਇਕਾਦਸ਼ੀ ਦਾ ਤਿਉਹਾਰ, ਨੱਚਣਗੇ, ਗਾਉਣਗੇ ਅਤੇ ਮਨਾਉਣਗੇ। ਅਸੀਂ ਹੁਣ ਉਹੀ ਖੁਸ਼ੀਆਂ ਮਨਾ ਰਹੇ ਹਾਂ।